# ਢਲ ਰਹੇ ਐ ਸੂਰਜਾ

(ਗ਼ਜ਼ਲ ਸੰਗ੍ਰਹਿ)

ਢਲ ਰਹੇ ਐ ਸੂਰਜਾ ਤੂੰ ਬਾਤ ਮੇਰੀ ਸੁਣ ਜ਼ਰਾ
ਵੀਰ ਬਣਕੇ ਕਿਰਨ ਕੋਈ ਝੁੱਗੀਆਂ ਦੇ ਵਿੱਚ ਪਾ।

**ਏਸੇ ਕਲਮ ਤੋਂ:**

1. ਗਾ ਜ਼ਿੰਦਗੀ ਦੇ ਗੀਤ ਤੂੰ (ਗ਼ਜ਼ਲ ਸੰਗ੍ਰਹਿ) 2003
2. ਜੋਤ ਸਾਹਸ ਦੀ ਜਗਾ (ਕਾਵਿ ਸੰਗ੍ਰਹਿ) 2005
3. ਬਣ ਸ਼ੁਆ ਤੂੰ (ਗ਼ਜ਼ਲ ਸੰਗ੍ਰਹਿ) 2006
4. ਰੌਸ਼ਨੀ ਦੀ ਭਾਲ (ਗ਼ਜ਼ਲ ਸੰਗ੍ਰਹਿ) 2007
5. ਕਸ਼ਮੀਰਾ ਸਿੰਘ ਚਮਨ ਦੀਆਂ ਚੋਣਵੀਆਂ ਗ਼ਜ਼ਲਾਂ 2007
6. ਸੁਲਗਦੀ ਲੀਕ (ਗ਼ਜ਼ਲ ਸੰਗ੍ਰਹਿ) 2008
7. ਗੀਤ ਤੋਂ ਸੁਲਗਦੀ ਲੀਕ ਤਕ (ਗ਼ਜ਼ਲ ਸੰਗ੍ਰਹਿ) 2009
8. ਕਲਾਮੇਂ ਸਬਾ ਕੇ ਤੀਨ ਰੰਗ-ਸਬਾ ਸ਼ੇਖ਼ ਕੀ ਉਰਦੂ ਨਜ਼ਮੇਂ 09

# ਢਲ ਰਹੇ ਐ ਸੂਰਜਾ
(ਗ਼ਜ਼ਲ ਸੰਗ੍ਰਹਿ)

ਪ੍ਰੋ. ਸ਼ਮਸ਼ੇਰ ਸਿੰਘ ਸੰਧੂ

# Dhal Rahe aye Surja

**(Punjabi Gazals)**

*By*

**Shamsher Singh Sandhu M.A;M.Ed; P.E.S.1**
Retd. Dy. Director of Public Instruction, Punjab, India
213 Santana Mews NW Calgary,
Alberta T3K 3N8 Canada
Phone/ Fax 403 285-5609
Email: ssandhu37@yahoo.ca
shamshersandhu@hotmail.com

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011, Author*
*Produced and bound in India*

# ਤਤਕਰਾ


| | | | | | |
|---|---|---|---|---|---|
| 1- | ਢਲ ਰਹੇ ਐ ਸੂਰਜਾ | 15 | 26- | ਠੱਗਾਂ ਤੋਂ ਰਹਿਬਰੀ ਦਾ | 40 |
| 2- | ਚਮਕਣ ਹਜ਼ਾਰ ਜੁਗਨੂੰ | 16 | 27- | ਮੁੱਕੇ ਨਾ ਕੈਦ ਮੇਰੀ | 41 |
| 3- | ਰਹਿੰਦਾ ਹੈ ਜੋ ਸਦੀਵੀ | 17 | 28- | ਮੈਨੂੰ ਵੀ ਨਾ ਬੁਲਾਵੇ | 42 |
| 4- | ਹਲਚਲ ਇਹ ਯਾਰ ਡਾਢੀ | 18 | 29- | ਦਰਦ ਪੁਕਾਰੇ ਯਾਰਾ | 43 |
| 5- | ਲੋਚਾਂ ਦਿਨੇ ਤੇ ਰਾਤੀਂ | 19 | 30- | ਬੇਸਵਾਦੇ ਰਾਤ ਦਿਨ | 44 |
| 6- | ਤੇਰੀ ਜੁਦਾਈ ਮੈਨੂੰ | 20 | 31- | ਯਾਦ ਤੇਰੀ ਮੈਂ ਕਰਦਾ | 45 |
| 7- | ਲਾਈ ਹੈ ਗ਼ਮ ਦੀ ਮਹਿੰਦੀ | 21 | 32- | ਗ਼ਲਬਾ ਹੈ ਆਣ ਪਾਇਆ | 46 |
| 8- | ਕਰਾਂ ਰੋਜ਼ ਸਜਦਾ | 22 | 33- | ਮਰਨਾ ਵੀ ਉਹ ਸਿਖਾਵੇ | 47 |
| 9- | ਪਾਣੀ 'ਚ ਲੀਕ ਮਾਰੇਂ | 23 | 34- | ਸਾਰੀ ਫਿਜ਼ਾ 'ਚ ਫੈਲੀ | 48 |
| 10- | ਕਿੱਥੋਂ ਲਿਆਵਾਂ ਢੂੰਡਕੇ | 24 | 35- | ਮੁੜ ਮੁੜਕੇ ਫੇਰ ਆਵੇਂ | 49 |
| 11- | ਬੜੀ ਦੇਰ ਪਿੱਛੋਂ | 25 | 36- | ਕਦੇ ਸ਼ੂਕਰ ਕਦੇ ਰਿਮਝਿਮ | 50 |
| 12- | ਨਿਗਾਹਾਂ ਵੀ ਤੜਫਣ ਤੇ | 26 | 37- | ਸਰ ਸਕਦਾ ਹੈ ਮੇਰਾ ਤਾਂ | 51 |
| 13- | ਦਰਦ ਦਾ ਇਕ ਕਾਫਲਾ | 27 | 38- | ਲੋੜਾਂ ਥੁੜਾਂ ਤੋਂ ਹਾਰ ਕੇ | 52 |
| 14- | ਦੋ ਫਾੜ ਹੋਈ ਜ਼ਿੰਦਗੀ ਨੂੰ | 28 | 39- | ਸਾਹਾਂ ਦੇ ਸਾਜ਼ ਉੱਤੇ | 53 |
| 15- | ਮੁੜ ਮੁੜਕੇ ਫੇਰ ਆਵੇ | 29 | 40- | ਬੇਪਰ ਨੂੰ ਪਰ ਲਗਾਏ | 54 |
| 16- | ਉਜਾਲੇ ਨੇ ਡੰਗੇ ਮੇਰੇ | 30 | 41- | ਅੱਖਾਂ ਦਾ ਨੂਰ ਜਾਵੇ | 55 |
| 17- | ਮੰਦਰ ਜਾਂ ਹੋਇ ਮਸਜਿਦ | 31 | 42- | ਹੈ ਰੂਪ ਕਿਤਨੇ ਧਾਰਦਾ | 56 |
| 18- | ਰੇਤ ਵੀ ਵਿਕਦੀ ਹੈ | 32 | 43- | ਸੁਪਨੇ 'ਚ ਰੋਜ਼ ਤੇਰੀ | 57 |
| 19- | ਫਿਤਨਾ ਖੜਾ ਹੈ ਕੀਤਾ | 33 | 44- | ਕਦੀ ਜਾਮ ਵਸਲਾਂ ਦਾ | 58 |
| 20- | ਲੜ ਚਾਨਣੀ ਦਾ ਹੱਥੋਂ | 34 | 45- | ਆਓ ਸਾਰੇ ਰਲਕੇ ਬੈਠੋ | 59 |
| 21- | ਪਿਆਸੀ ਇਸ ਨਜ਼ਰ | 35 | 46- | ਬੁੱਲ੍ਹਾਂ ਨੂੰ ਬੰਦ ਕਰਕੇ | 60 |
| 22- | ਸੁਹਣੇ ਸਜਾਕੇ ਸੁਪਨੇ | 36 | 47- | ਵਲਵਲੇ, ਜਜ਼ਬੇ, ਉਮੀਦਾਂ | 61 |
| 23- | ਹਰ ਸੂ ਉਸ ਦਾ ਸੁਖ਼ਨ | 37 | 48- | ਬਿਨ ਤੇਰੇ ਮੈਂ ਬਣ ਗਿਆਂ | 62 |
| 24- | ਮੈਂ ਲਫਜ਼ਾਂ 'ਚ ਤੈਨੂੰ | 38 | 49- | ਗਲ ਗ਼ਮਾਂ ਦਾ ਹਾਰ | 63 |
| 25- | ਮੈਂ ਤੇ ਡਰਦਾ ਰਿਹਾ | 39 | 50- | ਸੋਗਵਾਰੇ ਨਾ ਸਵੇਰੇ | 64 |

51- ਇਸ ਸਫਰ ਦਾ ਜੋ 65
52- ਸੰਦਲੀ ਧੁੱਪਾਂ, ਹਨੇਰਾ ਖਾ 66
53- ਦੂਰ ਨਜ਼ਰਾਂ ਤੋਂ ਤੇਰਾ 67
54- ਮਸਤ ਨਜ਼ਰਾਂ ਚੁਰਾਗਿਆ 68
55- ਮੰਦਰ ਦੇ ਦੀਪ ਵਰਗੀ 69
56- ਆਵੇਗਾ ਨਾਮ ਓਸਦਾ 70
57- ਸਾਜਨ ਦੇ ਸੰਗ ਜਾਪੇ 71
58- ਯਾਦ ਤੇਰੀ ਦਿਲੋਂ ਮੈਂ 72
59- ਪਿਲਾ ਦੇ ਪਿਲਾ ਦੇ 73
60- ਉਸ ਦਾ ਹੀ ਹੋਕੇ ਰਹਿਣਾ 74
61- ਆਇਆ ਹੈ ਫੇਰ ਮੁੜਕੇ 75
62- ਸਾਹਾਂ ਤੋਂ ਵੀ ਵਧੇਰੇ 76
63- ਕਿਵੇਂ ਯਾਰ ਤੇਰੀ ਜੁਦਾਈ 77
64- ਲੋਕ ਸਾਰੇ ਇਹ ਸਦਾ 78
65- ਹੌਸਲੇ ਦੇ ਇਹ ਨਿਸ਼ਾਂ ਤੇ 79
66- ਕਦੇ ਆਕੇ ਵੇਖੀਂ ਕਿਵੇਂ 80
67- ਉਹ ਨਜ਼ਰਾਂ ਚੁਰਾਕੇ 81
68- ਦਿਲ ਤੇ ਦਿਮਾਗ ਵਿੱਚੋਂ 82
69- ਮਹਿਕੀ ਹਵਾ 'ਚ ਸਾਰੇ 84
70 ਸਦਾ ਯਾਦ ਤੈਨੂੰ ਮੈਂ 85
71- ਨਾਮ ਲਬ ਤੇ ਸਦਾ ਯਾਰ 86
72- ਦਹਿਸ਼ਤਾਂ ਦੇ ਇਹ ਵਪਾਰੀ 87
73- ਰਾਤ ਦਿਨ ਹੀ ਸੁਤਾ ਤੇ 88
74- ਤੇਰਾ ਮੈਂ ਨਾਮ ਯਾਰਾ 89
75- ਮੇਰੇ ਦਿਲੇ ਦੀ ਹਰ ਤਹਿ 90
76- ਇੱਕੋ ਹੈ ਵਾਰ ਜੀਣਾ 91
77- ਮਾਂ ਬਾਪ ਤੇ ਪਿਆਰੇ 92
78- ਲਿਖਦਾਂ ਕਦੇ ਕਦੇ ਮੈਂ 93
79- ਪੱਲੇ 'ਚ ਪਾ ਉਦਾਸੀ 94
80- ਮਾਰੇ ਨੇ ਲੋਕ ਲੱਖਾਂ 95
81- ਪਿਆਰ ਮੁਹੱਬਤ ਕਰਕੇ 96
82- ਕੀਕਣ ਲਕੋ ਲਵੋਗੇ 97
83- ਤੇਰੇ ਮਿਲਣ ਦੀ ਰੀਝ ਸੀ 98
84- ਲੋੜੇ ਕਲੀ ਗੁਲਾਬ ਦੀ 99
85- ਤੇਰੀ ਉਡੀਕ ਮੈਨੂੰ 100
86- ਤਪਕੇ ਕੁੰਦਨ ਰਹਿ ਗਿਆ 101
87- ਬੋਲੇ ਨਾ ਉਹ ਬੁਲਾਇਆਂ 102
88- ਹੈ ਸਾਕੀ ਸੁਰਾਹੀ ਦੀ 103
89- ਦਮ ਦਮ ਦਮਾਂ ਦੀ ਬਾਜ਼ੀ 104
90- ਪਰਵਾਸੀ ਪੰਜਾਬੀ ਗ਼ਜ਼ਲ ਦਾ ਮੀਲ ਪੱਥਰ/ਸੁਲੱਖਣ ਸਰਹੱਦੀ 105
91- ਮੁਹੱਬਤ ਅਤੇ ਭਖਦੇ ਸੱਚ ਦੀ ਸ਼ਾਇਰੀ 123

# ਸਮਕਾਲ ਨੂੰ ਮੁਖ਼ਾਤਿਬ ਸ਼ਾਇਰੀ ਦੀ ਪੁਸਤਕ
# 'ਢਲ ਰਹੇ ਐ ਸੂਰਜਾ'

'ਢਲ ਰਹੇ ਐ ਸੂਰਜਾ' ਪੰਜਾਬੀ ਗ਼ਜ਼ਲ ਦੇ ਸਮਰਥਾਵਾਨ ਸ਼ਾਇਰ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਦਾ ਛੇਵਾਂ ਮੌਲਿਕ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 2003 ਤੋਂ 2008 ਵਿਚ ਪੰਜ ਖ਼ੂਬਸੂਰਤ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁਕਾ ਹੈ। ਇਹਨਾਂ ਪੰਜਾਂ ਗ਼ਜ਼ਲ ਸੰਗ੍ਰਹਿਾਂ ਨੂੰ ਉਸ ਨੇ ਇਕੋ ਵੱਡ ਆਕਾਰੀ ਪੁਸਤਕ 'ਗੀਤ ਤੋਂ ਸੁਲਗਦੀ ਲੀਕ ਤਕ' ਵਿਚ ਵੀ ਪ੍ਰਕਾਸ਼ਿਤ ਕੀਤਾ ਹੈ। 65 ਸਾਲ ਦੀ ਉਮਰੇ ਸ਼ੁਰੂ ਕਰਕੇ ਏਨੇ ਨਿਕੇ ਅਰਸੇ ਵਿਚ ਐਨੀ ਵੱਡੀ ਗਿਣਤੀ ਵਿਚ ਮਿਆਰੀ ਗ਼ਜ਼ਲਾਂ ਰਚਣੀਆਂ ਵਾਕਿਆਈ ਹੈਰਾਨ ਕਰਨ ਵਾਲਾ ਵਰਤਾਰਾ ਹੈ। ਸ਼ਮਸ਼ੇਰ ਸਿੰਘ ਸੰਧੂ ਦੀ ਲਗਨ ਕਿਸੇ ਪਹਾੜੀ ਦਰਿਆ ਵਰਗੀ ਹੈ ਜਿਸ ਦੇ ਹਰ ਜ਼ੱਰੇ ਵਿਚ ਸਾਗਰ ਨੂੰ ਮਿਲਨ ਦੀ ਤੜਪ ਹੈ। ਉਸਦਾ ਛੇਵਾਂ ਗ਼ਜ਼ਲ ਸੰਗ੍ਰਹਿ 'ਢਲ ਰਹੇ ਐ ਸੂਰਜਾ' 2011 ਦੇ ਦਰਵਾਜ਼ੇ ਉੱਤੇ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ।

ਸ਼ਮਸ਼ੇਰ ਸਿੰਘ ਸੰਧੂ 74 ਸਾਲ ਦਾ ਪਰਪੱਕ, ਆਤਮਵਿਸ਼ਵਾਸੀ ਤੇ ਬਾਹੋਸ਼ ਗ਼ਜ਼ਲਕਾਰ ਹੈ। ਸੰਧੂ ਕੋਲ ਉਮਰ ਦਾ ਲੰਮਾ ਤਜਰਬਾ ਹੈ। ਉਹ ਪੰਜਾਬ ਦੇ ਸਿਖਿਆ ਵਿਭਾਗ ਤੋਂ ਡਿਪਟੀ ਡਾਇਰੈਕਟਰ ਰੀਟਾਇਰ ਹੋ ਕੇ ਕੈਨੇਡਾ ਜਾ ਵੱਸਿਆ। ਓਥੇ ਪਹੁੰਚ ਕੇ 65 ਸਾਲ ਦੀ ਉਮਰੇ ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਗ਼ਜ਼ਲ ਸਿਰਜਣਾ ਅਤੇ ਹੋਰ ਭਰਪੂਰ ਸਾਹਿਤਕ ਸਰਗਰਮੀਆਂ ਨਾਲ ਜੋੜ ਲਿਆ। ਅੱਜ ਕੈਲਗਰੀ ਵਿਚ ਉਹ ਪੰਜਾਬੀ ਅਤੇ ਪੰਜਾਬੀ ਸਾਹਿਤ ਨੂੰ ਸਮਰਪਿਤ ਹੈ। ਸੰਧੂ ਉਹਨਾਂ ਪੰਜਾਬੀ ਸਪੂਤਾਂ ਵਿਚੋਂ ਸਿਰਕੱਢ ਹੋ ਨਿਬੜਿਆ ਹੈ ਜੋ ਵਿਦੇਸ਼ਾਂ ਵਿਚ ਪੰਜਾਬੀ ਸਭਿਆਚਾਰ ਲਈ ਸਾਹਿਤ ਦੇ ਮੁਹਾਜ਼ ਤੋਂ ਸਰਗਰਮੀ ਨਾਲ ਜੂਝ ਰਹੇ ਹਨ। ਮੈਂ ਉਸ ਦੇ ਗ਼ਜ਼ਲ ਸਫਰ ਨੂੰ ਨੇੜਿਓਂ ਹੋ ਕੇ ਵੇਖਿਆ ਹੈ। ਉਸਦੇ 'ਗੀਤ ਤੋਂ ਸੁਲਗਦੀ ਲੀਕ ਤਕ' ਵੱਡ ਆਕਾਰੀ ਗ਼ਜ਼ਲ ਸੰਗ੍ਰਹਿ ਵਾਸਤੇ ਮੈਂ ਪੇਪਰ ਵੀ ਲਿਖਿਆ ਸੀ ਅਤੇ 29 ਜਨਵਰੀ, 2009 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਈ ਗੋਸ਼ਟੀ ਵਿਚ ਪੇਸ਼ ਕੀਤਾ ਸੀ।

'ਢਲ ਰਹੇ ਐ ਸੂਰਜਾ' ਦੀ ਸ਼ਾਇਰੀ ਦੀਆਂ ਅਸੀਮ ਦਿਸ਼ਾਵਾਂ ਹਨ, ਇਹਨਾਂ ਨੂੰ ਕਿਸੇ ਇਕ ਹੀ ਦ੍ਰਿਸ਼ਟੀਕੋਣ ਤੋਂ ਨਹੀਂ ਜਾਚਿਆ ਪਰਖਿਆ ਜਾ ਸਕਦਾ। ਇਹਨਾਂ ਗ਼ਜ਼ਲਾਂ ਵਿਚ ਮਨੁਖਤਾ ਪ੍ਰਤੀ ਸੁਹਿਰਦਤਾ, ਹਨੇਰਿਆਂ ਪ੍ਰਤੀ ਘਿਰਣਾ ਅਤੇ ਵਿਆਪਕ ਸਰੋਕਾਰਾਂ ਪ੍ਰਤੀ ਮੁਖ਼ਾਤਿਬ ਹੋਣ ਦੀ ਸ਼ਿੱਦਤ ਹੈ। ਇਹ ਗ਼ਜ਼ਲਾਂ ਬਾਹਰੋਂ ਦਿਸਦੀਆਂ ਲਹਿਰਾਂ ਤੋਂ ਸ਼ੁਰੂ ਹੁੰਦੀਆਂ ਹਨ ਅਤੇ ਚਿੰਤਨ ਦੀਆਂ ਗਹਿਰਾਈਆਂ ਤਕ ਜਾਂਦੀਆਂ ਹਨ। ਇਹਨਾਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਜੁਗਤ ਅਤੇ ਤਕਨੀਕ ਨਾਲ ਮਸਲੇ ਪੇਸ਼ ਕੀਤੇ ਹਨ। ਉਸ ਦਾ ਬ੍ਰਿਤਾਂਤਕ ਸੱਚ ਸ਼ਿਅਰਾਂ ਵਿਚ ਨਿਰਉਚੇਚ ਪਰਗਟ ਹੁੰਦਾ ਹੈ ਅਤੇ ਸਹਿਜ ਨਾਲ ਪਾਠਕ, ਸਰੋਤੇ ਦੇ ਦਿਲ ਨੂੰ ਦਸਤਕ ਦੇਂਦਾ ਹੈ। ਉਸ ਦੇ ਕਈ ਸ਼ਿਅਰ ਕ੍ਰਿਸ਼ਮਾ ਮੁਖੀ ਅਤੇ ਸ਼ਾਇਰੀ ਦਾ ਹਾਸਲ ਹਨ।

ਆਮ ਕਰਕੇ ਵਿਦੇਸ਼ੀਂ ਵੱਸਦੇ ਗ਼ਜ਼ਲਕਾਰਾਂ ਨੂੰ ਪੰਜਾਬੀ ਗ਼ਜ਼ਲ ਦੀ ਮੁੱਖ ਧਾਰਾ ਵਿਚ ਨਾ ਰੱਖ ਕੇ ਪਰਵਾਸੀ ਗ਼ਜ਼ਲ ਧਾਰਾ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਐਸਾ ਇਸ ਲਈ ਹੁੰਦਾ ਹੈ ਕਿ ਪਰਵਾਸੀ ਗ਼ਜ਼ਲਕਾਰਾਂ ਕੋਲ ਆਮ ਤੌਰ ਤੇ ਇਹ ਸ਼ਿੱਦਤ ਭਰੇ ਜੀਵਨ ਅਹਿਸਾਸ ਅਤੇ ਪੰਜਾਬੀ ਸਰੋਕਾਰ ਕਮਜ਼ੋਰ ਹੁੰਦੇ ਹਨ ਪਰ ਉਹਨਾਂ ਕੋਲ ਵਤਨ ਦੀ ਹੁੱਬ ਪ੍ਰਬਲ ਹੁੰਦੀ ਹੈ। ਵਿਦੇਸ਼ੀਂ ਜਾਕੇ ਮਸਲੇ ਬਦਲ ਜਾਂਦੇ ਹਨ ਅਤੇ ਪੰਜਾਬੀ ਸਭਿਆਚਾਰ ਪ੍ਰਤੀ ਉਹਨਾਂ ਦੀ ਵਿੱਥਕ ਪਹੁੰਚ ਬਣ ਜਾਂਦੀ ਹੈ। ਪਰ ਸ਼ਾਇਰ ਸੰਧੂ ਨੇ ਉਮਰ ਦਾ ਲੰਮਾਂ ਹਿੱਸਾ ਪੰਜਾਬ ਵਿਚ ਹੀ ਬਿਤਾਇਆ ਹੈ। ਉਸ ਦੇ ਦਿਲ ਅਤੇ ਜ਼ਿਹਨ ਉੱਤੇ ਪੰਜਾਬੀ ਸਭਿਆਚਾਰ ਹਮੇਸ਼ਾ ਨੇੜਤਾ ਵਿਚ ਰਿਹਾ ਹੈ। ਉਸ ਦੇ ਸ਼ਿਅਰਾਂ ਵਿਚ ਵਤਨ ਹੁੱਬ ਭਾਵੇਂ ਮੌਜੂਦ ਹੈ ਪ੍ਰੰਤੂ ਭਾਰੂ ਨਹੀਂ। ਉਹ ਵਤਨ ਦੀ ਹੁੱਬ ਨੂੰ 'ਯਾਰ' ਜਾਂ ਮਿੱਤਰ ਪਿਆਰੇ ਦੀ ਤਾਂਘ ਵਿਚ ਪਰਵਰਤਤ ਕਰਕੇ ਪੇਸ਼ ਕਰਦਾ ਹੈ। ਜਦ ਉਹ ਵਤਨ ਵਸਦੇ ਸਜਣਾਂ ਦੀ ਯਾਦ ਵਿਚ ਤੜਪਦਾ ਹੈ ਤਾਂ ਅਸਲ ਵਿਚ ਆਪਣੇ ਪੰਜਾਬ ਦੇ ਜ਼ੱਰੇ ਜ਼ੱਰੇ ਦੇ ਦਰਸ਼ਣਾਂ ਲਈ ਹੀ ਤੜਪ ਰਿਹਾ ਹੁੰਦਾ ਹੈ। ਜਿਵੇਂ ਹੇਠ ਲਿਖੇ ਸ਼ਿਅਰ ਵੇਖੋ:

- ਲੋਚਾਂ ਦਿਨੇ ਤੇ ਰਾਤੀਂ ਤੇਰਾ ਦੀਦਾਰ ਆਵੇ<br>ਤੇਰਾ ਹੀ ਨਾਮ ਲੈ ਕੇ ਦਿਲ ਨੂੰ ਕਰਾਰ ਆਵੇ।
- ਅੱਖਾਂ ਦਾ ਨੂਰ ਜਾਵੇ ਤੇਰਾ ਦੀਦਾਰ ਕਰਦੇ<br>ਸਾਹਾਂ ਦੀ ਡੋਰ ਟੁੱਟੇ ਤੇਰਾ ਹੀ ਨਾਂ ਉਚਰਦੇ।
- ਸੁਪਨੇ 'ਚ ਰੋਜ਼ ਤੇਰੀ ਡੋਲੀ ਨੂੰ ਮੈਂ ਲਿਆਵਾਂ<br>ਸੁੰਞਾਂ ਪਿਆ ਇਹ ਵਿਹੜਾ ਸ਼ਗਨੀ ਪਿਆ ਸਜਾਵਾਂ।
- ਬੁੱਲਾਂ ਨੂੰ ਬੰਦ ਕਰਕੇ ਨੈਣਾਂ ਦੇ ਬਾਰ ਢੋ ਕੇ<br>ਰੱਖਾਂ ਮੈਂ ਦਿਲ 'ਚ ਅਪਣੇ ਉਸ ਨੂੰ ਲਕੋ ਲਕੋ ਕੇ।
- ਵਲਵਲੇ ਜਜ਼ਬੇ ਉਮੀਦਾਂ ਸੱਧਰਾਂ<br>ਤੜਪਦੇ ਨੇ ਬਿਨ ਤੇਰੇ ਮੈਂ ਕੀ ਕਰਾਂ।
- ਕਿਵੇਂ ਯਾਰ ਤੇਰੀ ਜੁਦਾਈ ਸਹਾਰਾਂ<br>ਮੈਂ ਸੱਸੀ ਦੇ ਵਾਂਗੂੰ ਹੀ ਰਸਤੇ ਨਿਹਾਰਾਂ।
- ਕਦੇ ਆ ਕੇ ਵੇਖੀਂ ਕਿਵੇਂ ਯਾਰ ਮੇਰੇ<br>ਸਦਾ ਬੋਲ ਮੇਰੇ ਪਿਆਸੇ ਨੇ ਸਾਰੇ।<br>ਘਰੇ ਚੈਨ ਮੈਨੂੰ ਨਾ ਆਰਾਮ ਬਾਹਰ<br>ਤੇਰੇ ਬਿਨ ਇਹ ਪਲ ਪਲ ਉਦਾਸੇ ਨੇ ਸਾਰੇ।
- ਛੋਹਾਂ ਤੋਂ ਹੋ ਕੇ ਹੀਣੇ ਅਹਿਸਾਸ ਠਰ ਗਏ ਨੇ<br>ਤੇਰੇ ਸਪਰਸ਼ ਖਿੜਦਾ ਦਿਲ ਦਾ ਗੁਲਾਬ ਯਾਰਾ।
- ਤੇਰੀ ਜੁਦਾਈ ਮੈਨੂੰ ਕੀਤਾ ਨਿਢਾਲ ਸਜਣਾ<br>ਤਰਸੇ ਪਏ ਹਾਂ ਕਦ ਤੋਂ ਮੁਖੜਾ ਵਿਖਾਲ ਸਜਣਾ।

- ਦੋਫਾੜ ਹੋਈ ਜ਼ਿੰਦਗੀ ਨੂੰ ਜੀਣ ਮੁਸ਼ਕਿਲ ਹੋ ਗਿਆ
  ਇਸ ਸਫ਼ਰ ਚੋਂ ਹਮਸਫ਼ਰ ਦਾ ਹੈ ਸਾਥ ਜਦ ਤੋਂ ਖੋ ਗਿਆ।

ਉਪਰੋਕਤ ਸ਼ਿਅਰ ਵੇਖਣ ਨੂੰ ਰੁਮਾਂਸ ਤੇ ਰੁਮਾਨੀ ਜਾਪਦੇ ਹਨ ਪ੍ਰੰਤੂ ਇਹ ਸਾਰੇ ਵਤਨ ਵਿਛੋੜੇ ਦਾ ਦੁਖਾਂਤ ਵੀ ਹਨ। ਜਵਾਨੀ ਢਲਣ ਪਿਛੋਂ ਪਰਵਾਸੀ ਹੋਏ ਪੰਜਾਬੀ ਆਪਣੇ ਬਚਪਨ ਵਾਲੇ ਵਤਨ ਨਾਲੋਂ ਟੁੱਟ ਨਹੀਂ ਸਕਦੇ। ਇਕ ਅਰਸੇ ਤਕ ਹੀ ਬੂਟੇ ਖੱਗ ਕੇ ਹੋਰਥੇ ਲਾਏ ਜਾ ਸਕਦੇ ਹਨ। ਪਰ ਸੰਧੂ ਦੀ ਸ਼ਾਇਰੀ ਦਾ ਕੋਈ ਇਕਹਰਾ ਦਿਸਹੱਦਾ ਨਹੀਂ ਸਗੋਂ ਉਸ ਦੇ ਸ਼ਿਅਰ ਫੁਲਝੜੀ ਦੇ ਰੰਗਾਂ ਤੇ ਗੁਲਦਸਤੇ ਵਰਗੇ ਹਨ। ਉਸ ਦੇ ਫਿਲਾਸਫੀ ਸ਼ਿਅਰ ਵੇਖੋ:

- ਬਾਤ ਕੇਵਲ ਅਰਚਨਾ ਤੇ ਸਾਧਨਾ ਦੀ ਹੀ ਨਹੀਂ
  ਕਰਮ ਤੇ ਵਿਸ਼ਵਾਸ ਕਰਦਾ ਜ਼ਾਲਮਾਂ ਤੋਂ ਨਾ ਡਰੇ।
- ਨਾਨਕਾਂ ਤੇ ਅਰਜਨੋ ਗੋਬਿੰਦ ਦੀ ਜੋ ਸੇਧ ਹੈ
  ਧਰਤ ਸਾਰੀ ਬਾਰ ਬਾਰਮ ਸੂਰਮੇਂ ਪੈਦਾ ਕਰੇ।
- ਬੀਜ ਅੰਦਰ ਪਨਪਦਾ ਸੁਪਨਾ ਸਦਾ ਹੈ ਵਰਨਾ
  ਇਹ ਬਹਾਰਾਂ ਦਾ ਸੁਨੇਹਾਂ ਆ ਗਿਆ ਹੈ ਕੀਕਣ।
- ਇਸ਼ਕੇ ਨੂੰ ਜਿਨ੍ਹਾਂ ਸੌਂਪਤੀ ਸਾਰੀ ਹਯਾਤ ਹੀ
  ਜੀਂਦਾ ਉਨ੍ਹਾਂ ਦਾ ਨਾਮ ਹੈ ਸਾਰੇ ਜਹਾਨ ਤੇ।
- ਆਦਮੀਂ ਨੇ ਹੌਸਲਾ ਜੇ ਕਦੇ ਨਾ ਹਾਰਿਆ
  ਫ਼ਾਸਲੇ ਤੇ ਔਕੜਾਂ ਪੈਰੀਂ ਆਕੇ ਢਹਿਣਗੇ।

ਉਸ ਦੇ ਮੰਜ਼ਰਕਸ਼ੀ ਦੇ ਸ਼ਿਅਰ ਵੇਖੋ:

- ਆਮਦ ਤੇਰੀ ਕਰਿਸ਼ਮਾ ਮੌਸਮ ਬਦਲ ਗਏ ਨੇ
  ਮਹਿਕਾਂ ਨੇ ਆਣ ਲਾਇਆ ਚਾਰੋਂ ਤਰਫ਼ ਹੀ ਡੇਰਾ।
- ਚਮਕਣ ਹਜ਼ਾਰ ਜੁਗਨੂੰ ਤਾਰੇ ਹਟਾਣ ਨ੍ਹੇਰਾ
  ਰਸਤਾ ਬੜਾ ਹਨੇਰਾ ਤੇਰੇ ਬਿਨਾ ਤੇ ਮੇਰਾ।
- ਲਾਈ ਹੈ ਗ਼ਮ ਦੀ ਮਹਿੰਦੀ ਵੇਖੀਂ ਤੂੰ ਯਾਰ ਆ ਕੇ
  ਕੈਸਾ ਹੈ ਰੰਗ ਚੜ੍ਹਿਆ ਰੱਖਾਂ ਸਜਾ ਸਜਾ ਕੇ।

ਹੱਥਲੇ ਗ਼ਜ਼ਲ ਸੰਗ੍ਰਹਿ ਵਿਚਲੇ ਸ਼ਿਅਰਾਂ ਵਿਚ ਬਹੁਤ ਸਾਰੀਆਂ ਖ਼ੂਬੀਆਂ ਹਨ ਜਿਵੇਂ:

- ਪ੍ਰੰਪਰਾ ਦਾ ਪਾਸ:
  ਇਲਮ ਸਾਰਾ ਅਕਲ ਸਾਰੀ ਪੰਧ ਕਸੂਤੇ ਜਾ ਰਹੀ
  ਦੂਜਿਆਂ ਲਈ ਕਿੰਝ ਮਰਨਾ ਜੀਣ ਐਸਾ ਦੇ ਸਿਖਾ।

- ਸ਼ਿਅਰ ਵਿਚ ਕਹਾਣੀ ਪੇਸ਼ ਕਰਨ ਦੀ ਯੋਗਤਾ:
  ਗੋਬਿੰਦ ਹੈ ਨਾਮ ਉਸਦਾ ਜਾਣੇ ਜਹਾਨ ਸਾਰਾ
  ਬੰਦੇ ਜਿਹੇ ਉਭਾਰੇ ਜ਼ੁਲਮੀਂ ਸੀ ਜਿਨ ਵੰਗਾਰੇ।
- ਭਾਸ਼ਾ ਦੀ ਖ਼ੂਬਸੂਰਤੀ:
  ਚਹਿਕਣ ਨੂੰ ਅੰਬਰ ਵੀ ਦਿਓ ਪਨਪਣ ਨੂੰ ਆਲ੍ਹਣਾ
  ਦਿਲ ਦਾ ਪਰਿੰਦਾ ਜੇਸ ਨੂੰ ਅਪਣਾ ਹੀ ਘਰ ਕਹੇ।
- ਸ਼ਿਅਰਾਂ ਵਿਚ ਜੀਵਨ ਆਸ:
  ਰਾਵਣਾ ਤੇ ਮਹਿਖਾਸਰਾਂ ਚੰਗੇਜ਼ ਗੌਰੀ ਦੇ ਜਿਹੇ
  ਡਾਇਰਾਂ ਜਹੇ ਜ਼ੁਲਮ ਨਾ ਵਰਤਾਉਣ ਮੁੜ ਕੇ ਧਰਤ ਤੇ।
- ਸ਼ਿਅਰੀ ਸਾਦਗੀ:
  ਬਾਤ ਕੇਵਲ ਅਰਚਨਾ ਤੇ ਸਾਧਨਾ ਦੀ ਨਹੀਂ
  ਕਰਮ ਤੇ ਵਿਸ਼ਵਾਸ ਕਰਦਾ ਜ਼ਾਲਿਮਾਂ ਤੋਂ ਨਾ ਡਰੇ।
- ਤਸ਼ਬੀਹਾਂ ਦੀ ਯੋਗ ਵਰਤੋਂ:
  ਧਰਤ ਸਾਰੀ ਹੀ ਬਣੇ ਦਰਪਣ ਉਮੀਦਾਂ ਦਾ ਜਿਵੇਂ
  ਸੋਗਵਾਰੇ ਵਕਤ ਨਾ ਫ਼ਿਰ ਆਉਣ ਮੁੜਕੇ ਧਰਤ ਤੇ।
- ਸ਼ਿਅਰਾਂ ਵਿਚ ਤੜਪ:
  ਇਸ਼ਕੇ ਦੀ ਲੱਗੀ ਅੱਗ ਨਾ ਛੁਪਦੀ ਕਿਸੇ ਤਰ੍ਹਾਂ
  ਭਾਂਬੜ ਉਹ ਬਣਕੇ ਮਚਦੀ ਕੱਖੀਂ ਚੁਪਾਣ ਤੇ।
- ਸੂਫ਼ੀਆਨਾ ਰੰਗ:
  ਸੁਕ ਜਾਵੇ ਜੇ ਸੋਮਾਂ ਉਸ ਦੀ ਰਹਿਮਤ ਦਾ
  ਹਰ ਇਕ ਬੁਰਜ ਖ਼ੁਸ਼ੀ ਦਾ ਧਰਤੀ ਢਹਿੰਦਾ ਹੈ।
- ਬੁਲੰਦ ਖ਼ਿਆਲੀ:
  ਵਗਦੇ ਤੁਫਾਨ ਰਹਿਣੇ ਡਰਦਾਂ ਨਾ ਇਸ ਤੋਂ ਮੂਲੇ
  ਪਰਬਤ ਦਾ ਵਹਿਣ ਮੈਂ ਹਾਂ ਪੱਥਰ ਵੀ ਰੇਤ ਕਰਦਾਂ।
- ਸਵੈ ਪਛਾਣ:
  ਕਦਮ ਮਿਲਾਕੇ ਬਹਿਰਾਂ ਦੇ ਸੰਗ ਮਟਕ ਮਟਕ ਕੇ ਤੁਰਨਾ ਜਾਨਣ
  ਮੇਲ ਵਿਛੋੜੇ ਖ਼ੁਸ਼ੀਆਂ ਗ਼ਮੀਆਂ ਮੇਰੀਆਂ ਗ਼ਜ਼ਲਾਂ ਦੇ ਸਿਰਨਾਵੇਂ।
- ਤਜ਼ਾਦ:
  ਸਾਰੀ ਫ਼ਿਜ਼ਾ 'ਚ ਫ਼ੈਲੀ ਖ਼ੁਸ਼ਬੂ ਤੇਰੀ ਹਿਨਾ ਦੀ
  ਬਰਸੀ ਕਿ ਹੁਣ ਵੀ ਬਰਸੀ ਮਰਜ਼ੀ ਹੈ ਇਸ ਘਟਾ ਦੀ।
- ਮਹਾਵਰਿਆਂ ਦੀ ਯੋਗ ਵਰਤੋਂ:
  ਚੋਰਾਂ ਦੇ ਕਪੜੇ ਤੇ ਡਾਂਗਾਂ ਦੇ ਗਜ਼ ਸੁਣਦੇ ਆਏ ਸਾਂ
  ਹਾਲਤ ਐਸੀ ਕਰ ਦਿੱਤੀ ਹੈ ਧਰਮਾਂ ਦੇ ਅਸਥਾਨਾਂ ਦੀ।

- ਸ਼ਬਦ ਜੜੁਟਾਂ ਦੀ ਸਜੀਲੀ ਵਰਤੋਂ:
  ਵਲਵਲੇ ਜਜ਼ਬੇ ਉਮੀਦਾਂ ਸੱਧਰਾਂ
  ਤੜਪਦੇ ਨੇ ਬਿਨ ਤੇਰੇ ਮੈਂ ਕੀ ਕਰਾਂ।
- ਸ਼ਿਅਰੀ ਵਾਰਤਾ:
  ਪੁਛਦੇ ਨੇ ਯਾਰ ਬੇਲੀ 'ਤੈਨੂੰ ਕੀ ਹੋ ਗਿਆ ਹੈ'
  ਲਾਈਆਂ ਜਦੋਂ ਤੋਂ ਨਜ਼ਰਾਂ ਬੈਠਾ ਹੈਂ ਹੋਸ਼ ਖੋ ਕੇ।
- ਜ਼ੁਲਮ ਦਾ ਟਾਕਰਾ:
  ਰਾਜ ਅਮਨਾਂ ਦਾ ਤਦੇ ਹੀ ਧਰਤ ਤੇ ਹੈ ਆਵਣਾ
  ਲੋਕ ਰਲਕੇ ਦਹਿਸ਼ਤੀਂ ਜੇ ਨੱਥ ਪਾਉਂਦੇ ਰਹਿਣ ਗੇ।
- ਖ਼ੂਬਸੂਰਤ ਅੰਦਾਜ਼:
  ਦੂਧੀਆ ਇਸ ਚਾਨਣੀ ਵਿਚ ਸਭ ਧਮਾਲਾਂ ਪਾ ਸਕਣ
  ਸੂਰਜਾਂ ਦਾ ਚਾਨਣਾ ਲਸ਼ਕਾਉਣ ਮੁੜਕੇ ਧਰਤ ਤੇ।

ਸ਼ਮਸ਼ੇਰ ਸਿੰਘ ਸੰਧੂ ਦੇ ਸ਼ਿਅਰਾਂ ਵਿਚ ਹੋਰ ਵੀ ਅਨੇਕਾਂ ਖ਼ੂਬੀਆਂ ਹਨ। ਰੂਪਕ ਪੱਖ ਤੋਂ ਉਸ ਦੀਆਂ ਸਮੁਚੀਆਂ ਗ਼ਜ਼ਲਾਂ ਕਿਸੇ ਨਿਰਧਾਰਤ ਛੰਦ ਜਾਂ ਬਹਿਰ ਵਿਚ ਹਨ। ਉਸ ਨੂੰ ਗ਼ਜ਼ਲ ਦੇ ਸਮੁੱਚੇ ਅੰਗਾਂ ਦਾ ਗਿਆਨ ਹੈ ਅਤੇ ਉਹ ਵੱਡੀ ਤੋਂ ਵੱਡੀ ਗੱਲ ਕਹਿਣ ਲਗਿਆਂ ਵੀ ਗ਼ਜ਼ਲੀਅਤ ਦਾ ਪਾਸ ਰਖਦਾ ਹੈ। ਉਸ ਦੀਆਂ ਬਹੁਤੀਆਂ ਗ਼ਜ਼ਲਾਂ ਬਹਿਰ ਮੁਜ਼ਾਰਿਆ ਅਖ਼ਰਬ ਦੇ ਵੱਖ ਵੱਖ ਰੂਪਾਂ ਵਿਚ ਹਨ। ਮਿਸਾਲ ਵਜੋਂ

ਲੋਚਾਂ ਦਿਨੇ ਤੇ ਰਾਤੀਂ ਤੇਰਾ ਦੀਦਾਰ ਅਵੇ
ਤੇਰਾ ਹੀ ਨਾਮ ਲੈ ਕੇ ਦਿਲ ਨੂੰ ਕਰਾਰ ਆਵੇ।

ਇਹ ਬਹਿਰ ਮੁਜ਼ਾਰਿਆ ਅਖ਼ਰਬ ਵਿਚ ਹੈ ਜਦ ਕਿ:

ਰੱਖੇ ਸੀ ਸਾਂਭ ਸਾਂਭ ਕੇ ਸੁਪਨੇ ਮਲੂਕ ਮੈਂ
ਉਮਰਾਂ ਦੀ ਕੈਦ ਹੋ ਗਈ ਉਸ ਦੇ ਬਿਆਨ ਤੇ।
ਬਹਿਰ ਮੁਜ਼ਾਰਿਆ ਅਖ਼ਰਬ ਮਕਫ਼ੂਫ਼ ਵਿਚ ਹੈ।

ਖ਼ੁਸ਼ੀ ਦੀ ਗੱਲ ਹੈ ਕਿ ਸੰਧੂ ਨੇ ਆਪਣੇ ਗ਼ਜ਼ਲ ਸਫ਼ਰ ਵਿਚ ਤਰੋ-ਤਾਜ਼ਗੀ ਬਰਕਰਾਰ ਰੱਖੀ ਹੈ। ਉਹ ਵਿਦੇਸ਼ ਵਿਚ ਵਸਦਾ ਹੈ ਤੇ ਦੇਸ ਵਿਚ ਜੀਂਦਾ ਹੈ।

'ਢਲ ਰਹੇ ਐ ਸੂਰਜਾ' ਦਾ ਟਾਈਟਲ ਸ਼ਿਅਰ ਉਸਦੀ ਮਾਨਵਤਾ ਪ੍ਰਤੀ ਸੋਚ ਨੂੰ ਬਾਖ਼ੂਬੀ ਜ਼ਾਹਿਰ ਕਰਦ ਹੈ। ਇਸ ਪੁਸਤਕ ਲਈ ਕੁਛ ਸ਼ਬਦ ਲਿਖਕੇ ਮੈਨੂੰ ਖ਼ੁਸ਼ੀ ਹੋਈ ਹੈ।

**ਸੁਲੱਖਣ ਸਰਹੱਦੀ**
ਫੋਨ 941-748-4337

# ਦੋ ਸ਼ਬਦ

ਜ਼ਿੰਦਗੀ ਦਾ ਸੂਰਜ ਢਲ ਰਿਹਾ ਹੈ ਪਰ ਸੁਹਣਾ ਕਰਨ, ਸੁਹਣਾ ਮਾਨਣ, ਸੁਹਣਾ ਪੜ੍ਹਣ, ਸੁਹਣਾ ਲਿਖਣ ਤੇ ਸੁਹਣਾ ਤੇ ਨਰੋਆ ਸੋਚਣ ਦੀ ਰੀਝ ਹਾਲੀ 'ਪੂਰੀ' ਨਹੀਂ ਹੋਈ ਤੇ ਨਾ ਹੀ ਆਖਰੀ ਦਮ ਤਕ ਹੋਣੀ ਹੈ ਤੇ ਹੋਵੇ ਵੀ ਕਿਓਂ ?

ਢਲ ਰਹੇ ਐ ਸੂਰਜਾ ਤੂੰ ਬਾਤ ਮੇਰੀ ਸੁਣ ਜ਼ਰਾ
ਵੀਰ ਬਣਕੇ ਕਿਰਨ ਕੋਈ ਝੁੱਗੀਆਂ ਦੇ ਵਿੱਚ ਪਾ।

ਜ਼ਿੰਦਗੀ ਦਾ ਰਾਜ਼ ਤੇਰੀ ਰੌਸ਼ਨੀ ਸਭ ਜਾਣਦੇ
ਦੇਕੇ ਥੋੜੀ ਊਰਜਾ ਤੂੰ ਲੋਕ ਸੁੱਤੇ ਦੇ ਜਗਾ।

ਚੱਜ ਨਾਲ ਜੀਵਣ ਜਿਓਣ ਦਾ ਚਾਅ ਸਾਰੀ ਉਮਰ ਰਿਹਾ ਹੈ। ਸਦਾ ਕੋਸ਼ਿਸ਼ ਰਹੀ ਹੈ ਕਿ ਜੋ ਤਿਲ ਫੁੱਲ ਗੁਣ ਮੇਰੇ ਪੱਲੇ ਹੈ ਉਹ ਦੂਜਿਆਂ ਨਾਲ ਸਾਂਝਾ ਕਰ ਸਕਾਂ ਸੋ ਕਰਦਾ ਰਿਹਾ ਹਾਂ ਤੇ ਕਰ ਰਿਹਾ ਹਾਂ। ਪਿਛਲੇ 6 ਸਾਲ ਤੋਂ ਸਿਰ ਵਿੱਚ ਟਿਊਮਰ ਦੇ ਬਾਵਜੂਦ ਮੈਂ ਆਪਣੀਆਂ 5 ਕਤਾਬਾਂ ਆਪ ਕੰਪਿਊਟਰ ਤੇ ਟਾਈਪ ਕੀਤੀਆਂ ਤੇ ਆਪੇ ਕੈਲਗਰੀ ਵਿੱਚ ਛਪਾਈਆਂ। ਗਿਣਤੀ ਵਿੱਚ ਹਜ਼ਾਰਾਂ ਗ਼ਜ਼ਲਾਂ ਲਿਖਣ ਵਾਲੇ ਸ. ਕਸ਼ਮੀਰਾ ਸਿੰਘ ਚਮਨ ਦੀ ਹਾਲੇ ਤਕ ਗ਼ਜ਼ਲਾਂ ਦੀ ਕੋਈ ਕਿਤਾਬ ਨਹੀਂ ਸੀ ਛਪੀ। ਮੇਰੇ ਘਰ ਤੋਂ ਉਹਨਾਂ ਦੇ ਘਰ ਤਕ ਬੱਸ ਰਾਹੀਂ ਦੋ ਘੰਟੇ ਦਾ ਜਾਣ ਤੇ ਦੋ ਘੰਟੇ ਆਉਣ ਦਾ ਸਫਰ ਅਨੇਕਾਂ ਵਾਰ ਕਰਕੇ ਉਹਨਾਂ ਦੀਆਂ ਗ਼ਜ਼ਲਾਂ ਚੁਣਕੇ ਲਿਆਂਦੀਆਂ, ਕੰਪਿਊਟਰ ਤੇ ਦਿਨ ਰਾਤ ਲਾ ਕੇ ਟਾਈਪ ਤੇ ਸੈਟ ਕੀਤੀਆਂ, ਕਿਤੋਂ ਛਪਾਈਆਂ, ਕਿਤੋਂ ਜਿਲਦ ਕਰਾਈਆਂ। ਨਾਲੇ ਮੁਸ਼ਕਿਲ ਇਹ ਸੀ ਕਿ ਉਹ ਆਪਣੀਆਂ ਲਿਖਤਾਂ ਦੀਆਂ ਕਾਪੀਆਂ ਨੂੰ ਹੱਥ ਨਹੀਂ ਸਨ ਲਾਉਣ ਦੇਂਦੇ। ਇਕਵਾਰ 'ਚ ਜੋ ਪੰਜ ਸਤ ਗ਼ਜ਼ਲਾਂ ਦੇਂਦੇ ਉਹਨਾਂ ਚੋਂ ਜੋ ਚੰਗੀਆਂ ਲਗਦੀਆਂ ਉਹ ਰੱਖ ਲੈਂਦਾ ਤੇ ਹੋਰ ਲਿਆਉਣ ਲਈ ਫੇਰ ਗੇੜਾ ਮਾਰਦਾ। ਖੈਰ ਉਹਨਾਂ ਦੀਆਂ ਚੋਣਵੀਆਂ ਗ਼ਜ਼ਲਾਂ ਦਾ ਸੰਗ੍ਰਹਿ ਪੱਲਿਓਂ ਖ਼ਰਚ ਕਰਕੇ ਛਾਪਿਆ। ਵੱਡੀ ਖ਼ੁਸ਼ੀ ਇਸ ਗੱਲ ਦੀ ਹੋਈ ਕਿ ਉਹਨਾਂ ਦੀਆਂ ਗ਼ਜ਼ਲਾਂ ਕਿਤਾਬੀ ਰੂਪ ਵਿੱਚ ਪਹਿਲੀ ਵਾਰੀ ਕੁਛ ਪਾਠਕਾਂ ਤਕ ਪਹੁੰਚ ਸਕੀਆਂ। ਉਸ ਤੋਂ ਪਿੱਛੋਂ ਉਹਨਾਂ ਆਪਣੇ ਹੋਰ ਗ਼ਜ਼ਲ ਸੰਗ੍ਰਹਿ ਵੀ ਛਪਵਾਉਣ ਦੀ ਹਿੰਮਤ ਕੀਤੀ ਹੈ।

ਕੈਲਗਰੀ ਨਿਵਾਸੀ ਪ੍ਰੋ. ਮੋਹਨ ਸਿੰਘ ਔਜਲਾ ਪਿਛਲੇ 50 ਸਾਲ ਤੋਂ ਵੱਧ ਸਮੇਂ ਤੋਂ ਗ਼ਜ਼ਲ ਲਿਖਦੇ ਆ ਰਹੇ ਸਨ। ਪਰ ਉਹਨਾਂ ਆਪਣੀ ਕੋਈ ਕਿਤਾਬ ਛਪਾਉਣ ਵੱਲ ਕਦੇ ਕੋਈ ਧਿਆਨ ਨਹੀਂ ਸੀ ਦਿੱਤਾ। ਮੇਰੀ ਪ੍ਰੇਰਨਾ ਤੇ ਸਹਿਯੋਗ ਨਾਲ ਹੁਣ 2010 ਵਿਚ ਉਹਨਾਂ ਦੇ 6 ਗ਼ਜ਼ਲ ਸੰਗ੍ਰਹਿ 'ਅੰਤਰ ਵੇਦਨਾ', 'ਅਨੇਕ ਸੁਪਨੇ', 'ਯਾਦਾਂ ਦੀਆਂ ਪੈੜਾਂ', 'ਗ਼ਜ਼ਲਾਂਜਲੀ', 'ਨਿਰੰਤਰ ਘੋਲ', 'ਵਲਵਲੇ' ਅਤੇ ਇਕ ਕਾਵਿ ਸੰਗ੍ਰਹਿ 'ਚੇਤਨਤਾ ਦੇ ਦੀਪ'– 7 ਕਿਤਾਬਾਂ ਛਪਕੇ ਪਾਠਕਾਂ ਸਾਮਣੇ ਆ ਚੁਕੀਆਂ ਹਨ ਜੋ ਪੰਜਾਬੀ ਸਾਹਿਤ ਨੂੰ ਬਹੁਤ ਵੱਡੀ ਤੇ ਸਲਾਘਾ ਯੋਗ ਦੇਣ ਹੈ। ਮੇਰੇ ਲਈ ਬੜੇ ਮਾਨ ਤੇ ਖ਼ੁਸ਼ੀ ਵਾਕੀ ਗੱਲ ਹੈ ਕਿ ਮੈਂ ਇਸ ਕੰਮ ਵਿੱਚ ਸਹਾਈ ਹੋ ਸਕਿਆਂ ਤੇ ਉਹਨਾਂ ਦੀਆਂ ਵਧੀਆ ਲਿਖਤਾਂ ਰੁਲ ਜਾਣ ਤੋਂ ਬਚ

ਗਈਆਂ ਹਨ। ਪਰ ਸਦ ਅਫਸੋਸ ਕਿ ਉਹਨਾਂ ਨੂੰ ਆਪਣੀਆਂ ਛਪੀਆਂ ਪੁਸਤਕਾਂ ਦਾ ਸੁਹਜਮਈ ਆਨੰਦ ਲੈਣ ਦਾ ਸਮਾਂ ਵੀ ਨਹੀਂ ਮਿਲਿਆ ਤੇ ਉਹ ਸਾਡਾ ਸਾਥ 5 ਨਵੰਬਰ 2010 ਨੂੰ ਸਦਾ ਲਈ ਛੱਡ ਗਏ। ਇਸ ਪੁਸਤਕ ਦੀ ਆਖ਼ਰੀ ਗ਼ਜ਼ਲ ਮੇਰੀ ਉਨਾਂ ਨੂੰ ਸ਼ਰਧਾਂਜਲੀ ਹੈ।

ਇਸ ਤੋਂ ਇਲਾਵਾ ਇਕ ਮੁਖਲਸ, ਪਾਕ ਦਿਲ ਇਨਸਾਨ ਕੈਲਗਰੀ ਨਿਵਸੀ ਉਰਦੂ ਦੇ ਸ਼ਇਰ ਸਬਾ ਸ਼ੇਖ ਦੀਆਂ ਚੋਣਵੀਆਂ ਨਜ਼ਮਾਂ ਦਾ ਮਜਮੂਆ 'ਕਲਾਮੇ ਸਬਾ ਕੇ ਤੀਨ ਰੰਗ' ਛਾਪਣ ਦੀ ਖ਼ੁਸ਼ੀ ਵੀ ਪ੍ਰਾਪਤ ਕੀਤੀ। ਉਮੀਦ ਹੈ ਹੁਣ ਉਰਦੂ ਦੇ ਸ਼ਾਇਰ ਜਾਵੇਦ ਨਜ਼ਾਮੀਂ ਨੂੰ ਵੀ ਆਪਣੀ ਕਿਤਾਬ ਛਪਾਉਣ ਲਈ ਪ੍ਰੇਰ ਸਕਾਂਗਾ। ਕੀਤੇ ਵਾਇਦੇ ਮੁਤਾਬਿਕ ਹੁਣ ਉਹ ਆਪਣੀਆਂ ਗ਼ਜ਼ਲਾਂ ਟਾਈਪ ਕਰ ਰਹੇ ਹਨ। ਇਕ ਹੋਰ ਨਵੇਂ 'ਸਿਖਾਂਦਰੂ ਸ਼ਾਇਰ' ਜਸਬੀਰ ਸਿੰਘ ਸੀਹੋਤਾ ਦੀ ਬੇਨਤੀ ਤੇ ਉਹਦੀ ਕਿਤਾਬ ਸੈਟ ਕਰਾਈ ਜੋ ਅਜੇ ਤਕ ਛਪ ਤਾਂ ਨਹੀਂ ਸਕੀ ਪਰ ਇਕ ਦਿਨ ਛਪੇਗੀ ਜ਼ਰੂਰ।

ਬੀਮਾਰੀ ਕਾਰਣ ਹੁਣ ਲਿਖਣ ਦੀ ਗਤੀ ਕਾਫੀ ਘਟ ਗਈ ਹੈ ਤੇ ਸਾਲ ਭਰ ਤੋਂ ਜ਼ਿੰਦਗੀ ਦਾ ਹਰ ਉਦਮ ਵੀ ਠਹਿਚਲ ਗਿਆ ਹੈ।5 ਫਰਵਰੀ 2010 ਤੋਂ 2011 ਤਕ ਦਾ ਸਮਾਂ ਦਮਾਗ ਦੇ ਹੋਏ ਅਪਰੇਸ਼ਨ ਨੇ ਲੈ ਲਿਆ ਹੈ। ਇਹ ਕਿਤਾਬ 2010 ਤੋਂ ਛਪਣ ਲਈ ਤਿਆਰ ਪਈ ਸੀ ਜੋ ਇਸੇ ਕਰਕੇ 2011 ਵਿੱਚ ਛਪੀ ਹੈ। 'ਢਲ ਰਹੇ ਐ ਸੂਰਜਾ' ਗ਼ਜ਼ਲ ਸੰਗ੍ਰਹਿ ਪਾਠਕਾਂ ਦੇ ਪੇਸ਼ ਹੈ। ਮੈਂ ਕੋਈ ਐਡਾ ਵੱਡਾ ਗ਼ਜ਼ਲਗੋ ਤਾਂ ਹੈ ਨਹੀਂ ਪਰ ਉਮੀਦ ਜ਼ਰੂਰ ਹੈ ਕਿ ਗ਼ਜ਼ਲ ਪੜ੍ਹਣ ਤੇ ਪਸੰਦ ਕਰਨ ਵਾਲਿਆ ਨੂੰ ਇਹ ਗ਼ਜ਼ਲ ਸੰਗ੍ਰਹਿ ਵੀ ਕਿਸੇ ਪੱਖ ਤੋਂ ਨਿਰਾਸ ਨਹੀਂ ਕਰੇਗਾ।

ਉਸ ਦਾ ਹੀ ਹੋਕੇ ਰਹਿਣਾ ਮੇਰੀ ਪਛਾਨ ਹੈ
ਕਿੱਦਾਂ ਕਰਾਂ ਕਿਨਾਰਾ ਦਿਲ ਵੀ ਜਵਾਨ ਹੈ।
ਪਹਿਚਾਨ ਹੀ ਤੋਂ ਬੰਦਾ ਲੋਕੀਂ ਨੇ ਜਾਣਦੇ
ਜੀਵਨ ਪਿਆਰ ਕਰਨਾ, ਰਿਸ਼ਤੇ ਨਿਭਾਨ ਹੈ।

ਮੈਂ ਆਪਣੀ ਮਹਿਬੂਬਾ, ਮੁਹਿੰਦਰ ਜੋ ਮੇਰੀ ਵਧੀਆ ਪਤਨੀ ਤੇ ਵਧੀਆ ਸਾਥਣ ਵੀ ਬਣਕੇ ਰਹੀ ਹੈ, ਦਾ ਖ਼ਾਸ ਤੌਰ ਤੇ ਰਿਣੀ ਹਾਂ ਜਿਸ ਸਦਕਾ ਮੈਂ ਕਵੀ ਬਣਿਆਂ। ਅਜਿਹੀ ਖ਼ੁਸ਼ਕਿਸਮਤੀ ਕਿਸੇ ਕਿਸੇ ਨੂੰ ਹੀ ਨਸੀਬ ਹੁੰਦੀ ਹੈ–

ਮੁਸ਼ਕਲ ਰਹੇ ਨਾ ਰਸਤੇ ਤੇਰਾ ਹੈ ਸਾਥ ਮਿਲਿਆ
ਮੁਸ਼ਕਲਕੁਸ਼ਾ ਐ ਮੇਰੇ ਹੋਇਆ ਹੈ ਕਰਮ ਤੇਰਾ।
ਲਗਦਾ ਸੀ ਹਰ ਸਵੇਰਾ ਤੇਰੇ ਬਿਨਾ ਤੇ ਸ਼ਾਮਾਂ
ਸ਼ਾਮਾਂ ਵੀ ਹੁਣ ਤੇ ਜਾਪਣ ਹੋਇਆ ਜਿਵੇਂ ਸਵੇਰਾ।

ਪਿਆਰ ਜੀਵਨ ਦੀ ਧੁਰੀ ਹੈ। ਜੇ ਜ਼ਿੰਦਗੀ ਚੋਂ ਪਿਆਰ ਮਨਫੀ ਹੋ ਜਾਵੇ ਤਾਂ ਬਾਕੀ ਕੀ ਰਹਿ ਜਾਵੇਗਾ ? ਤਾਂ ਹੀ ਕਈ ਵੇਰ ਸੋਚਦਾਂ

ਘੜੀਆਂ ਪਿਆਰ ਕਰਕੇ ਜੋ ਵੀ ਗੁਜ਼ਾਰ ਹੋਈਆਂ
ਜੀਵਣ 'ਚ ਉਹ ਹੀ ਤੇਰੇ ਸਮਝੀਂ ਸ਼ੁਮਾਰ ਯਾਰਾ।

**ਸ਼ਮਸ਼ੇਰ ਸਿੰਘ ਸੰਧੂ**
ਐਮ. ਏ; ਐਮ. ਐਡ., ਪੀ. ਈ. ਐਸ. (1)
ਰੀ. ਡਿਪਟੀ ਡੀ. ਪੀ. ਆਈ. ਪੰਜਾਬ, ਚੰਡੀਗੜ੍ਹ।

## 1

ਢਲ ਰਹੇ ਐ ਸੂਰਜਾ ਤੂੰ ਬਾਤ ਮੇਰੀ ਸੁਣ ਜ਼ਰਾ
ਵੀਰ ਬਣਕੇ ਕਿਰਨ ਕੋਈ ਝੁੱਗੀਆਂ ਦੇ ਵਿੱਚ ਪਾ।

ਆਦਮੀ ਦੀ ਜੂਨ ਸਾਰੇ ਨਜ਼ਰ ਭਾਂਵੇਂ ਆਂਵਦੇ
ਕਰ ਵਸੀਲਾ, ਰੌਸ਼ਨੀ ਦੇ, ਕਰਮ ਬੰਦੇ ਨੂੰ ਸਿਖਾ।

ਆਦਮੀ ਨੂੰ ਖਾਣ ਵਾਲੀ ਨੀਤ ਜਾਂਦੀ ਨਾ ਅਜੇ
ਕੌਡਿਆਂ ਦੀ ਨਸਲ ਸਾਰੀ ਜੱਗ ਤੋਂ ਤੂੰ ਦੇ ਮਿਟਾ।

ਹਕ ਬਗਾਨੇ ਰਾਤ ਦਿਨ ਨੇ ਜ਼ੋਰਆਵਰ ਮਾਰਦੇ
ਡਾਕੂਆਂ ਨੂੰ ਬਾਲਮੀਕਾਂ* ਵਿੱਚ ਹੁਣ ਤੂੰ ਦੇ ਵਟਾ।

ਇਲਮ ਸਾਰਾ ਅਕਲ ਸਾਰੀ ਪੰਧ ਕਸੂਤੇ ਜਾ ਰਹੀ
ਦੁੱਜਿਆਂ ਲਈ ਕਿੰਝ ਮਰਨਾ ਜੀਣ ਐਸਾ ਦੇ ਸਿਖਾ

ਜ਼ਿੰਦਗੀ ਦਾ ਰਾਜ਼ ਤੇਰੀ ਰੌਸ਼ਨੀ ਸਭ ਜਾਣਦੇ
ਦੇਕੇ ਥੋੜੀ ਊਰਜਾ ਤੂੰ ਲੋਕ ਸੁੱਤੇ ਦੇ ਜਗਾ।

* ਬਾਲਮੀਕ ਵਰਗੇ ਮਹਾਨ ਰਿਸ਼ੀ, 21-03-08

## 2

ਚਮਕਣ ਹਜ਼ਾਰ ਜੁਗਨੂੰ ਤਾਰੇ ਹਟਾਣ ਨ੍ਹੇਰਾ
ਰਸਤਾ ਬੜਾ ਹਨੇਰਾ ਤੇਰੇ ਬਿਨਾ ਹੈ ਮੇਰਾ।

ਮਾਰੇਂ ਤੂੰ ਦੇ ਜੁਦਾਈ ਤਾਰੇਂ ਮਿਲਾਕੇ ਨਜ਼ਰਾਂ
ਬੈਠਾ ਹਾਂ ਅੱਧ ਵਾਟੇ ਰਸਤਾ ਨਿਹਾਰ ਤੇਰਾ।

ਹੋਇਆ ਫਿਰਾਂ ਸ਼ੁਦਾਈ ਹਰ ਥਾਂ ਤਲਾਸ਼ ਤੇਰੀ
ਡਾਢੀ ਉਡੀਕ ਲੰਮੀਂ ਮੇਰਾ ਤੂੰ ਵੇਖ ਜੇਰਾ।

ਹਨ ਚੂਰ ਚੂਰ ਹੋਏ ਸਾਰੇ ਉਹ ਹਾਦਸੇ ਵੀ
ਕੀਤਾ ਹੈ ਪਾਰ ਰਸਤਾ ਦੁਰਗਮ ਸੀ ਜੋ ਘਨੇਰਾ।

ਮੁਸ਼ਕਲ ਰਹੇ ਨਾ ਰਸਤੇ ਤੇਰਾ ਹੈ ਸਾਥ ਮਿਲਿਆ
ਮੁਸ਼ਕਲਕੁਸ਼ਾ ਐ ਮੇਰੇ ਹੋਇਆ ਹੈ ਕਰਮ ਤੇਰਾ।

ਲਗਦਾ ਸੀ ਹਰ ਸਵੇਰਾ ਤੇਰੇ ਬਿਨਾ ਤੇ ਸ਼ਾਮਾਂ
ਸ਼ਾਮਾਂ ਵੀ ਹੁਣ ਤੇ ਜਾਪਣ ਹੋਇਆ ਜਿਵੇਂ ਸਵੇਰਾ।

ਆਮਦ ਤੇਰੀ ਕਰਿਸ਼ਮਾ ਮੌਸਮ ਬਦਲ ਗਏ ਨੇ
ਮਹਿਕਾਂ ਨੇ ਆਣ ਲਾਇਆ ਚਾਰੋਂ ਤਰਫ਼ ਹੀ ਡੇਰਾ।

25-03-08

## 3

ਰਹਿੰਦਾ ਹੈ ਜੋ ਸਦੀਵੀ ਐਸਾ ਖ਼ੁਮਾਰ ਦੇਵਾਂ
ਪਾਣੀ 'ਚ ਲੀਕ ਮਾਰਾਂ ਪੌਣਾ ਖਲ੍ਹਾਰ ਦੇਵਾਂ।

ਗ਼ਜ਼ਲਾਂ ਤੇ ਗੀਤ ਗਾਵਾਂ ਦਿਲ ਦੀ ਕਿਤਾਬ ਵਿੱਚੋਂ
ਸ਼ਬਦਾਂ ਦੇ ਫੁੱਲ ਖਿੜਾਕੇ ਮਹਿਕਾਂ ਖਿਲਾਰ ਦੇਵਾਂ।

ਹਰਇਕ ਈਮਾਨ ਵਾਲਾ ਮੇਰੇ ਲਈ ਬਰਾਬਰ
ਇਕ ਜੋਤ ਤੋਂ ਨੇ ਉਪਜੇ ਸਭ ਨੂੰ ਪਿਆਰ ਦੇਵਾਂ।

ਹਰ ਥਾਂ ਈਮਾਨ ਵੇਚਣ ਧਰਮਾਂ ਦੇ ਪਾ ਕੇ ਚੋਲੇ
ਧਰਮਾਂ ਦੀ ਵੰਡ ਸਾਰੀ ਮਨ ਤੋਂ ਵਿਸਾਰ ਦੇਵਾਂ।

ਜੁਗਨੂੰ ਤੇ ਦੀਪ ਤਾਰੇ ਦੇਂਦੇ ਜ਼ਰੂਰ ਚਾਨਣ
ਸੂਰਜ ਦੇ ਵਾਂਗ ਸਭ ਦੇ ਘਰ ਮੈਂ ਸ਼ਿੰਗਾਰ ਦੇਵਾਂ।

ਦਹਿਸ਼ਤ ਤੇ ਜੰਗਜਦਲੀ ਨੀਅਤ ਬਦਲਕੇ ਸਭਦੀ
ਸਾਂਝਾਂ ਦਾ ਮੈਕਦਾ ਇਕ ਚਾਹਾਂ ਉਸਾਰ ਦੇਵਾਂ।

8-9-08

## 4

ਹਲਚਲ ਇਹ ਯਾਰ ਡਾਢੀ ਮੱਚੀ ਹੈ ਦਿਲ'ਚ ਮੇਰੇ
ਸੁਲਗੀ ਚਿਣਗ ਹੈ ਮੁੜਕੇ ਛਟਕੇ ਨੇ ਸਭ ਹਨੇਰੇ।

ਕੀਤਾ ਹੈ ਉਸ ਇਸ਼ਾਰਾ ਦਿਲ ਨੂੰ ਲੁਭਾਣ ਵਾਲਾ
ਲਾਲੀ ਵੀ ਕਹਿ ਰਹੀ ਹੈ ਪੂਰਬ ਦੀ ਆ ਸਵੇਰੇ।

ਨਿਰਬਲ ਤੇ ਨਿਹਫਲੇ ਜੋ ਹੋਏ ਸੀ ਖ਼ਾਬ ਚਿਰ ਤੋਂ
ਸਾਹਸ ਜਗਾਕੇ ਬਖ਼ਸ਼ੇ ਸਭ ਨੂੰ ਨਵੇਂ ਹੀ ਜੇਰੇ।

ਕੈਸਾ ਤੂੰ ਜਾਲ ਪਾਇਆ ਮਾਹੀ ਬੇਆਬ ਤੜਪੇ
ਤੇਰੇ ਬਿਨਾ ਕੀ ਜੀਣਾ ਭਾਲੇ ਇਹ ਸਾਥ ਤੇਰੇ।

ਦੱਬੇ ਪਏ ਸੀ ਜਿਹੜੇ ਸਮਿਆਂ ਦੀ ਗਰਦ ਹੇਠਾਂ
ਬੇਚੈਨ ਦਿਲ 'ਚ ਜਾਗੇ ਅਰਮਾਨ ਫਿਰ ਤੋਂ ਮੇਰੇ।

ਤੇਰੇ ਮਿਲਾਪ ਵਿੱਚੋਂ ਫੁਟਦੀ ਖ਼ੁਸ਼ੀ ਦੀ ਗੰਗਾ
ਜਾਪੇ ਬਹਾਰ ਹਰ ਥਾਂ ਆਕੇ ਨੇ ਲਾਏ ਡੇਰੇ।

17-04-08

## 5

ਲੋਚਾਂ ਦਿਨੇ ਤੇ ਰਾਤੀਂ ਤੇਰਾ ਦੀਦਾਰ ਆਵੇ
ਤੇਰਾ ਹੀ ਨਾਮ ਲੈ ਕੇ ਦਿਲ ਨੂੰ ਕਰਾਰ ਆਵੇ।

ਛਹਿਬਰ ਲਗਾ ਰਿਹਾ ਹੈ ਮੌਸਮ ਬਹਾਰ ਵਾਲਾ
ਹਰ ਦਿਨ ਧਿਆਕੇ ਤੈਨੂੰ ਰੀਝੀਂ ਨਿਖਾਰ ਆਵੇ।

ਵਸਦੀ ਹੈ ਮੇਰੀ ਦੁਨੀਆਂ ਜਿਸ ਯਾਰ ਦੇ ਸਹਾਰੇ
ਉਸਦੀ ਹੈ ਯਾਦ ਐਸੀ ਸਭ ਨੂੰ ਵਿਸਾਰ ਆਵੇ।

ਨਿਕਲੇ ਬੜੇ ਹੀ ਨਿਕਲੇ ਅਰਮਾਨ ਦਿਲਦੇ ਚਾਹੇ
ਤੇਰਾ ਵਿਸਾਲ ਆਵੇ ਦਿਲ ਤੇ ਬਹਾਰ ਆਵੇ।

ਕੂਕੇ ਪਪੀਹਾ ਦਿਲ ਦਾ ਆਈ ਬਹਾਰ ਕੈਸੀ
ਆਵਣ ਦਿਹੁੰ ਤੇ ਰਾਤੀਂ ਹਾਏ ਨਾ ਯਾਰ ਆਵੇ।

ਸੰਧੂ ਨਸੀਬ ਤੇਰੇ ਉਸਦਾ ਵਿਸਾਲ ਹੋਣਾ
ਹੋਣੀ ਘੜੀ ਉਹ ਹਾਸਿਲ ਉਸਦਾ ਦੀਦਾਰ ਆਵੇ

06-05-08

## 6

ਤੇਰੀ ਜੁਦਾਈ ਮੈਨੂੰ ਕੀਤਾ ਨਿਢਾਲ ਸਜਣਾ
ਤਰਸੇ ਪਏ ਹਾਂ ਕਦ ਤੋਂ ਮੁਖੜਾ ਵਿਖਾਲ ਸਜਣਾ।

ਜ਼ੋਰਾਵਰੀ ਵੀ ਕਰਦੈਂ ਮੋਹੇਂ ਵੀ ਯਾਰ ਮੈਨੂੰ
ਕੈਸੀ ਇਹ ਦਿਲਲਗੀ ਹੈ ਕੈਸਾ ਖ਼ਿਆਲ ਸਜਣਾ।

ਜ਼ੋਰਾਵਰਾਂ ਦਾ ਹੋਂਦਾ ਨਿਰਮੋਹ ਸੁਭਾ ਨੇ ਕਹਿੰਦੇ
ਨਿਭਦੇ ਨੇ ਸਾਥ ਮੁਸ਼ਕਿਲ ਐਸੇ ਭਿਆਲ ਸਜਣਾ।

ਫੁਰਕਤ ਦੀ ਖੋਰ ਦੂਰੀ, ਦਿਲ ਨੂੰ ਕਰਾਰ ਆਵੇ
ਤੇਰਾ ਨਿਘਾਸ ਮੇਟੇ ਗ਼ਮ ਦਾ ਸਿਆਲ ਸਜਣਾ।

ਦਿਲ ਦੀ ਤੇ ਤਾਰ ਵੱਜੇ ਤੇਰੇ ਹੀ ਨਾਮ ਉੱਤੇ
ਚੜ੍ਹਦੀ ਕਲਾ ਜੋ ਰਖਦਾ ਨਾਹੀਂ ਜ਼ਵਾਲ ਸਜਣਾ।

ਕੀਤਾ ਖ਼ਿਆਲ ਜਿਸ ਨਾ ਮੰਜ਼ਲ ਦਾ ਮੂਲ ਅਪਣੀ
ਡਿਗਦਾ ਹੈ ਖਾਕੇ ਠੇਡਾ ਉਹ ਤੇ ਚੁਫਾਲ ਸਜਣਾ।

20-05-08

## 7

ਲਾਈ ਹੈ ਗ਼ਮ ਦੀ ਮਹਿੰਦੀ ਵੇਖੀ ਤੂੰ ਯਾਰ ਆਕੇ
ਕੈਸਾ ਹੈ ਰੰਗ ਚੜ੍ਹਿਆ ਰੱਖਾਂ ਸਜਾ ਸਜਾ ਕੇ।

ਸੂਲੀ ਨੂੰ ਸੂਲ ਜਾਣੇ ਹੋਇਆ ਹੈ ਦਿਲ ਦੀਵਾਨਾ
ਯਾਦਾਂ ਨੂੰ ਘਰ ਬਣਾਵੇ ਰੀਝਾਂ ਜਲਾ ਜਲਾਕੇ।

ਤੈਨੂੰ ਕਦੇ ਮੈਂ ਤੱਦੀ ਦੇਣੀ ਨਾ ਮੂਲ ਚਾਹਾਂ
ਤੇਰਾ ਦੀਦਾਰ ਲੋੜਾਂ ਆਖਾਂ ਨਾ ਮੈਂ ਵਲਾਕੇ।

ਡਾਢੇ ਨੇ ਪੈਰ ਸੋਹਲ ਆਉਣਾ ਬੜਾ ਹੈ ਔਖਾ
ਚਾਹਤ ਨਾ ਪਰ ਤੂੰ ਰੱਖੀਂ ਦਿਲ ਦੀ ਕਦੇ ਲੁਕਾਕੇ।

ਜਾਣਾ ਕਿ ਤੂੰ ਨ੍ਹੀਂ ਆਉਣਾ ਫਿਰਵੀ ਉਡੀਕ ਕਰਦਾਂ
ਦਿਲ ਨੂੰ ਫਰੇਬ ਦੇਨਾ ਲਾਰੇ ਲਗਾ ਲਗਾ ਕੇ।

ਬੁਲਬੁਲ ਦੀ ਆਹੋਜ਼ਾਰੀ ਜਾਣੇ ਨਾ ਫੁਲ ਕਦੇ ਵੀ
ਹੋਣਾ ਨਾ ਕੁਛ ਵੀ ਹਾਸਿਲ ਦੁਖੜੇ ਸੁਣਾ ਸੁਣਾ ਕੇ।

ਸੰਧੂ ਨਾ ਕਰ ਦਗ਼ਾ ਤੂੰ ਅਪਣੇ ਹੀ ਨਾਲ ਦਿਲ ਦੇ
ਆਫਤ ਨੂੰ ਖ਼ੁਦ ਸਹੇੜੇਂ ਆਪੇ ਬੁਲਾ ਬੁਲਾ ਕੇ।

21-06-08

## 8

ਕਰਾਂ ਰੋਜ਼ ਸਜਦਾ ਤੂੰ ਬਖ਼ਸ਼ਿੰਦ ਮੇਰਾ
ਦੁਆ ਸੁਣ ਤੂੰ ਮੇਰੀ ਮੈਂ ਬਰਦਾ ਹਾਂ ਤੇਰਾ।

ਨਾ ਕੀਤੇ ਗੁਨਾਹਾਂ ਦਾ ਅਰਬਾ ਲਗਾਵੇਂ
ਨਾ ਦੁਸ਼ਮਨ ਕਿਸੇ ਦਾ, ਕਰੇਂ ਦੂਰ ਨੇੜਾ।

ਤੂੰ ਸਭ ਦਾ ਸਖਾ ਤੇ ਦਿਆਲੂ ਬੜਾ ਹੈਂ
ਸਖ਼ੀ ਤੂੰ ਤੇ ਸਰਵਰ ਤੂੰ ਸਭ ਤੋਂ ਵਡੇਰਾ।

ਤੂੰ ਉਸਤਤ ਹੀ ਭਾਲੇਂ ਕਿਉ ਸਾਰੇ ਜਹਾਂ ਤੋਂ
ਬਿਨਾ ਇਸਦੇ ਕਿਓਂਕਰ ਨਾ ਸਰਦਾ ਹੈ ਤੇਰਾ।

ਹੈ ਤੇਰਾ ਖਲਾਰਾ ਜੇ ਸਾਰੀ ਇਹ ਦੁਨੀਆਂ
ਕਿਓਂਕਰ ਹੈ ਦੁਨੀਆਂ ਤੇ ਦਹਿਸ਼ਤ ਦਾ ਘੇਰਾ।

ਹੈ ਤੇਰੀ ਦਰਿਸ਼ਟੀ ਤੇ ਸਭ ਤੇ ਬਰਾਬਰ
ਕਿਉ ਬੰਦਾ ਸਿਖਾਵੇ ਸਦਾ ਹੇਰ ਫੇਰਾ।

ਇਹ ਧਰਮਾਂ ਤੇ ਦੇਸ਼ਾਂ ਇਹ ਰਾਜਾਂ ਦੇ ਝਗੜੇ
ਇਹ ਬੰਦਾ ਹੀ ਬੰਦੇ ਦਾ ਦੁਸ਼ਮਨ ਕਿਉ ਤੇਰਾ।

ਇਹ ਰੰਗਾਂ ਤੇ ਨਸਲਾਂ ਦੀ ਵੰਡੀ ਮਿਟਾ ਦੇ
ਹੈ ਮੁਸ਼ਕਲ ਬੜੀ ਹੋਰ ਹੁੰਦਾ ਨਾ ਜੇਰਾ।

ਬਣੀ ਆਣ ਮੁਸ਼ਕਲ ਇਹ ਤੜਪੇ ਲੋਕਾਈ
ਐ ਮੁਸ਼ਕਲ ਕੁਸ਼ਾ ਹੋਰ ਪਰਖੀਂ ਨਾ ਜੇਰਾ।

25-06-08

## 9

ਪਾਣੀ 'ਚ ਲੀਕ ਮਾਰੇਂ ਪੌਣਾ ਖਲ੍ਹਾਰ ਦੇਵੇਂ
ਕਰਕੇ ਸੁਤਾ ਤੇ ਜਾਦੂ ਜੰਨਤ ਵਿਸਾਰ ਦੇਵੇਂ।

ਪਲਭਰ ਜਾਂ ਕੋਲ ਬਹਿਜੇਂ ਨਜ਼ਰਾਂ ਮਿਲਾਕੇ ਯਾਰਾ
ਰਹਿੰਦਾ ਹੈ ਜੋ ਸਦੀਵੀ ਐਸਾ ਖ਼ੁਮਾਰ ਦੇਵੇਂ।

ਤੇਰੇ ਬਗ਼ੈਰ ਜਾਪਾਂ ਕੱਟੀ ਪਤੰਗ ਵਾਂਗੂੰ
ਫਿਰ ਜੋੜਕੇ ਤੂੰ ਡੋਰੀ ਕਰ ਤੂੰ ਉਡਾਰ ਦੇਵੇਂ।

ਪੌਣਾਂ 'ਚ ਮਹਿਕ ਤੇਰੀ ਮਿੱਟੀ 'ਚ ਤੇਰਾ ਜਾਦੂ
ਫੁੱਲਾਂ ਨੂੰ ਰੰਗੁ ਖ਼ੁਸ਼ਬੂ ਤੂੰ ਹੀ ਉਧਾਰ ਦੇਵੇਂ।

ਆਵੇਂ ਤਾਂ ਯਾਰ ਜਾਪੇ ਰੰਗੀਂ ਬਹਾਰ ਆਈ
ਬੁੱਲ੍ਹਾਂ ਨੂੰ ਗੀਤ ਦੇਵੇਂ ਰਾਗੀਂ ਮਲ੍ਹਾਰ ਦੇਵੇਂ।

ਜਾਨੀ ਸਦਾ ਮੈਂ ਲੋੜਾਂ ਹਰਦਮ ਹੀ ਦੀਦ ਤੇਰੀ
ਮੇਰਾ ਜਹਾਨ ਸਾਰਾ ਤੂੰ ਤੇ ਸ਼ਿੰਗਾਰ ਦੇਵੇਂ।

ਗ਼ਜ਼ਲਾਂ ਤੇ ਗੀਤ ਲਿਖਣੇ ਲੈਣੇ ਮਲੂਕ ਸੁਪਨੇ
ਫੁਰਨੇ ਵੀ ਤੂੰ ਹੀ ਦੇਵੇਂ ਤੂੰ ਹੀ ਵਿਚਾਰ ਦੇਵੇਂ।

ਕੋਹਕਸ਼ ਨੂੰ ਦੇਂ ਦਿਲਾਸਾ ਮੱਥੇ ਤੋਂ ਪੂੰਝ ਮੁੜ੍ਹਕਾ
ਸੁਰਗਾਂ ਦੇ ਖੋਲ੍ਹ ਬੂਹੇ ਜਦ ਤੂੰ ਦਿਦਾਰ ਦੇਵੇਂ।

27-06-08

## 10

ਕਿੱਥੋਂ ਲਿਆਵਾਂ ਢੂੰਡਕੇ ਵਿਛੜੀ ਬਹਾਰ ਨੂੰ
ਰੌਣਕ ਦਿਆਂ ਮੈਂ ਕਿਸਤਰ੍ਹਾਂ ਉਜੜੇ ਦਿਆਰ ਨੂੰ।

ਖ਼ੁਸ਼ੀਆਂ ਵੀ ਨਾਲ ਸੁਹਣੇ ਕੀਤੀ ਰਵਾਨਗੀ
ਦੇਵੇ ਗਾ ਕੌਣ ਆਣ ਕੇ ਸਾਹਾਂ ਉਧਾਰ ਨੂੰ।

ਮਾਲੀ ਚਮਨ ਦਾ ਰੁਸ ਗਿਆ ਛਾਈ ਉਜਾੜ ਹੈ
ਤਰਸਾਂ ਦਿਨੇ ਤੇ ਰਾਤ ਮੈਂ ਤੇਰੇ ਦਿਦਾਰ ਨੂੰ।

ਯਾਰਾਂ ਨੇ ਫੁਲ ਜੋ ਮਾਰੇ ਪੱਥਰ ਰਕੀਬ ਨੇ
ਕੱਠਾ ਸਮਾਨ ਕਰ ਗਏ ਮੇਰੇ ਮਜ਼ਾਰ ਨੂੰ।

ਜੋ ਵੀ ਕੋਈ ਸੀ ਦੇ ਗਿਆ ਮੈਨੂੰ ਕਬੂਲ ਹੈ
ਸਾਂਭਾਂ ਕਿਵੇਂ ਮੈਂ ਪਿਆਰ ਦੇ ਖਿਲਰੇ ਪਸਾਰ ਨੂੰ।

4-07-08

## 11

ਨਿਗਾਹਾਂ ਵੀ ਤੜਫਣ ਤੇ ਰੀਝਾਂ ਵੀ ਤਰਸਣ
ਕਦੋਂ ਯਾਰ ਹੋਵੇਗਾ ਦੀਦਾਰ ਤੇਰਾ।

ਕਰਾਂ ਮੈਂ ਉਡੀਕਾਂ ਕਦੋਂ ਆਣ ਊਸ਼ਾ
ਖਲੇਰੇ ਗੀ ਚਾਨਣ ਛਟੇ ਗਾ ਹਨੇਰਾ।

ਤੂੰ ਜਲਵਾ ਦਿਖਾਕੇ ਕਰੀਂ ਜੋ ਵੀ ਮਰਜ਼ੀ
ਦਵੀਂ ਫੂਕ ਬੇਸ਼ਕ ਇਹ ਘਰ ਬਾਰ ਮੇਰਾ।

ਤੂੰ ਅਰਮਾਨ ਮੇਰੇ ਚਿਖਾ ਤੇ ਟਿਕਾਕੇ
ਚਕਾ-ਚੌਂਦ ਕਰਦੇ ਤੂੰ ਸਾਰਾ ਚੁਫੇਰਾ।

ਨਾ ਮੰਜ਼ਲ ਤੇ ਪਹੁੰਚਣ ਕਦੀ ਪੈਰ ਮੇਰੇ
ਕਰੀਂ ਨਾ ਇਹ ਪੈਂਡਾ ਕਦੀ ਤੂੰ ਛੁਟੇਰਾ।

ਇਹ ਜੀਵਨ ਪਿਆਰੇ ਨਹੀਂ ਕੋਈ ਸੁਪਨਾ
ਹੈ ਫਰਜ਼ਾਂ ਦਾ ਬੰਧਨ ਤੇ ਸਾਂਝਾਂ ਬਸੇਰਾ।

14-07-08

## 12

ਦਰਦ ਦਾ ਇਕ ਕਾਫਲਾ ਹੈ ਬੇ- ਬਹਾ
ਮਾਰ ਲੇਰਾਂ ਰੋ ਰਿਹਾ ਹੈ ਦਿਲ ਤੂੰ ਆ।

ਬਾਰ ਜਿਸ ਤੋਂ ਕਰਮ ਦੀ ਸੀ ਆਸ ਪਰ
ਮਿਹਰ ਦਾ ਉਹ ਦਰ ਹੀ ਜ਼ਾਲਮ ਢੋ ਗਿਆ।

ਰੀਝ ਹਰ ਇਕ ਰਾਖ਼ ਬਣਦੀ ਜਾ ਰਹੀ
ਕਰਮ ਕੈਸਾ ਵੇਖ ਹੁੰਦਾ ਜਾ ਰਿਹਾ।

ਬੇਸ਼ਰਮ ਤੇ ਬੇਹਯਾ ਕਿਉਂ ਵਧ ਗਏ
ਬਦਲਿਆ ਹੈ ਵਕਤ ਕੈਸਾ ਜਾ-ਬਜਾ।

ਕਦਰ ਕਰਨੀ ਮਾਪਿਆਂ ਦੀ ਦਰਕਿਨਾਰ
ਬੋਲਣਾ ਅਹਿਸਾਨ ਹੁੰਦਾ ਜਾ ਰਿਹਾ।

ਮੈਕਸ਼ਾਂ ਲਈ ਹੋਰ ਮੌਜਾਂ ਬਣਗੀਆਂ
ਗੁਰਘਰਾਂ ਦੇ ਕੋਲ ਬਣਿਆਂ ਮੈ-ਕਦਾ।

11-08-08

## 13

ਬੜੀ ਦੇਰ ਪਿੱਛੋਂ ਉਹ ਆਕੇ ਮਿਲੇ ਨੇ
ਸਭੋ ਦੂਰ ਹੋਏ ਇਹ ਸ਼ਿਕਵੇ ਗਿਲੇ ਨੇ।

ਬੜਾ ਚਿਰ ਰਹੇ ਉਹ ਨਿਗਾਹਾਂ ਤੋਂ ਛੁਪਕੇ
ਉਹ ਆਏ ਤਾਂ ਮਹਿਕਾਂ ਦੇ ਸਭ ਸਿਲਸਲੇ ਨੇ।

ਰਹੀ ਵੈਣ ਪੌਂਦੀ ਤੇ ਰੋਂਦੀ ਕੁਲਾਂਦੀ
ਗ਼ਜ਼ਲ ਫੇਰ ਜਾਗੀ ਤੇ ਲਬ ਵੀ ਹਿਲੇ ਨੇ।

ਜਗੇ ਦੀਪ ਮੁੜ ਤੋਂ, ਬਹਾਰਾਂ ਨੇ ਆਈਆਂ
ਸਭੋ ਹੌਕੇ ਹਾਵੇ ਭੁਲਾਏ ਦਿਲੇ ਨੇ।

ਦਬੇ ਪੈਰ ਆਵੇ ਨਾ ਸੂਰਜ ਕਦੀ ਵੀ
ਆ ਚਾਨਣ ਲਗਾਏ ਹਨੇਰੇ ਬਿਲੇ ਨੇ।

11-04-08

## 14

ਦੋ ਫਾੜ ਹੋਈ ਜ਼ਿੰਦਗੀ ਨੂੰ ਸੀਣ ਮੁਸ਼ਕਿਲ ਹੋ ਗਿਆ
ਹੈ ਇਸ ਸਫਰ ਚੋਂ ਹਮਸਫਰ ਦਾ ਸਾਥ ਜਦ ਤੋਂ ਖੋ ਗਿਆ।

ਮਾਂ ਬਾਪ ਬੱਚੇ ਪਾਲਦੇ ਨੇ ਔਖ ਸਾਰੇ ਝੱਲਕੇ
ਹੁਣ ਰਿਸ਼ਤਿਆਂ ਵਿਚ ਜਾਪਦਾ ਹੈ ਅੱਕ ਕੋਈ ਚੋ ਗਿਆ।

ਮੇਰੇ ਲਈ ਆਮਦ ਸੀ ਜਿਸ ਦੀ ਵਾਂਗ ਸਾਵਣ ਦੀ ਝੜੀ
ਉਸ ਨਾਲ ਹੁਣ ਤੇ ਬੋਲਣਾ ਭੱਠੀ ਪਰਾਗਾ ਹੋ ਗਿਆ।

ਬਦ-ਬਖ਼ਤੀਆਂ ਨੇ ਆਣ ਘੇਰਾ ਪਾ ਲਿਆ ਹੈ ਜਾਪਦਾ
ਹੈ ਮੂੰਹ ਭਵਾਣਾ ਓਸਦਾ ਚੱਕੀ ਗ਼ਮਾਂ ਦੀ ਝੋ ਗਿਆ।

ਸੁਰਗਾਂ ਦੇ ਵਰਗਾ ਸਾਥ ਜਿਸਦਾ ਰਾਤ ਦਿਨ ਸਾਂ ਮਾਣਦਾ
ਹੈ ਮੋੜ ਮੁਖੜਾ ਉਹ ਤੇ ਹੁਣ ਸੁਰਗਾਂ ਦਾ ਬੂਹਾ ਢੋ ਗਿਆ।

24-10-08

## 15

ਮੁੜ ਮੁੜਕੇ ਫੇਰ ਆਵੇ ਖ਼ੁਸ਼ੀਆਂ ਦਾ ਇਹ ਨਜ਼ਾਰਾ
ਬਲਦਾ ਰਹੇ ਇਹ ਦੀਪਕ ਹਰ ਸਾਲ ਹੀ ਦੁਬਾਰਾ।

ਖ਼ੁਸ਼ੀਆਂ ਦਾ ਤੂੰ ਤੇ ਸੋਮਾਂ ਜੀਵਨ ਤਰੰਗ ਛੇੜੇਂ
ਮਾਂਝੀ ਤੂੰ ਹੀ ਤੇ ਮੇਰਾ ਤੂੰ ਹੀ ਮੇਰਾ ਕਿਨਾਰਾ।

ਸਮਿਆਂ ਦੀ ਕੁੱਖ ਚੋਂ ਮਿਲਦਾ ਹੀਰਾ ਕਿਸੇ ਕਿਸੇਨੂੰ
ਮਿਲਿਆ ਕੁਬੇਰ ਵਾਲਾ ਮੈਨੂੰ ਤੇ ਧਨ ਹੀ ਸਾਰਾ।

ਧਰਤੀ ਦੇ ਵਾਂਗ ਟਿਕਵਾਂ ਤੇਰਾ ਹੈ ਸਾਥ ਸੁਹਣੇ
ਲੋੜਾਂ ਨਾ ਹੋਰ ਕੋਈ ਤੇਰੇ ਬਿਨਾ ਸਹਾਰਾ।

ਦੌਲਤ ਸ਼ੁਕਰ ਦੀ ਕਹਿੰਦੇ ਮਿਲਦੀ ਨਾ ਹਰ ਕਿਸੇ ਨੂੰ
ਪਾਇਆ ਸਬਰ ਸ਼ੁਕਰ ਦਾ ਧਨ ਵੀ ਮੈਂ ਬੇਸ਼ੁਮਾਰਾ।

23-10- 08

## 16

ਉਜਾਲੇ ਨੇ ਡੰਗੇ ਮੇਰੇ ਰਹਿਨੁਮਾਵਾਂ
ਮੈਂ ਬਸਤੀ 'ਚ ਚਾਨਣ ਨੂੰ ਕਿੱਥੋਂ ਲਿਆਵਾਂ।

ਜੋ ਮਾਤਮ ਨੇ ਵਰਤੇ ਮੇਰੇ ਚਾਰੇ ਪਾਸੇ
ਮੈਂ ਖ਼ੁਸ਼ੀਆਂ ਦੀ ਡੋਲੀ ਨੂੰ ਕਿੱਥੋਂ ਸਜਾਵਾਂ।

ਰਹੇ ਜੰਗ ਲੜਦੇ ਜੋ ਭੁੱਖਾਂ ਦੇ ਨਾਲੇ
ਕਿਵੇਂ ਲੋਕਤੰਤਰ ਦੇ ਸੁਪਨੇ ਵਖਾਵਾਂ।

ਮੈਂ ਕਿਸ ਬਿਧ ਹਨੇਰੇ, ਸਵੇਰੇ 'ਚ ਬਦਲਾਂ
ਭਲਾ ਲੋਕ- ਸ਼ਕਤੀ ਮੈਂ ਕੀਕਣ ਜਗਾਵਾਂ ?

ਬਿਨਾ ਜਾਗ ਲਾਇਆਂ ਨਾ ਜੰਮੇਂ ਦਹੀਂ ਵੀ
ਮੈਂ ਦੀਵੇ ਤੋਂ ਦੀਵੇ ਨੂੰ ਮੁੜ ਮੁੜ ਜਗਾਵਾਂ।

ਸਦਾ ਨ੍ਹੇਰ-ਦੇਗਾਂ 'ਚ ਉਬਲੇ ਨੇ ਚਾਨਣ
ਤੇਰੇ ਨੂਰ ਸਦਕਾ ਮੈਂ ਨ੍ਹੇਰਾ ਹਟਾਵਾਂ।

ਲਿਆਵੇ ਗਾ ਸੋਝੀ ਇਹ ਇਲਮਾਂ ਦਾ ਚਾਨਣ
ਮੈਂ ਠਾਕਰ ਦੀ ਥਾਂ ਤੇ ਇਨੂੰ ਭੋਗ ਲਾਵਾਂ।

24-11-08

## 17

ਮੰਦਰ ਜਾਂ ਹੋਇ ਮਸਜਿਦ ਹਰ ਥਾਂ ਚਰਾਗ ਬਲਣਾ
ਹਰਥਾਂ ਕਰੇ ਉਹ ਚਾਨਣ ਮਜ਼ਹਬ ਨਾ ਉਸ ਬਦਲਣਾ।

ਅੱਲਾ ਜਾਂ ਓਮ ਆਖੋ ਸਤਿਨਾਮ ਹੈ ਜੋ ਉਸਦਾ
ਰਸਤੇ ਅਨੇਕ ਚਾਹੇ ਇੱਕੋ ਹੀ ਥਾਂ ਤੇ ਰਲਣਾ।

ਸ਼ੱਮਸ ਕਹੋ ਜਾਂ ਸੂਰਜ ਪੈਂਦਾ ਨਾ ਫਰਕ ਕੋਈ
ਰੌਸ਼ਨ ਕਰੇ ਉਹ ਦੁਨੀਆਂ ਰੁਕਦਾ ਉਦੈ ਨਾ ਢਲਣਾ।

ਮਜ਼ਹਬ ਦੇ ਸਭ ਝਮੇਲੇ ਦੇਵੋ ਤਿਆਗ ਜੇਕਰ
ਸਾਂਝਾਂ ਦਾ ਤਾਂ ਹੀ ਸੂਰਜ ਆਕੇ ਹੈ ਫਿਰ ਨਿਕਲਣਾ।

ਧਰਤੀ ਤੇ ਤਾਂ ਹੀ ਹੋਣੀ ਅਮਨਾਂ ਦੀ ਫੇਰ ਵਰਖਾ
ਸਿਖ ਲੈ ਅਗਰ ਜੇ ਬੰਦਾ ਕਰਕੇ ਪਿਆਰ ਚਲਣਾ।

ਮੰਦਰ ਮਸੀਤ ਵਾਲੇ ਝਗੜੇ ਨੂੰ ਸਭ ਤਿਆਗੋ
ਗਿਰਜੇ ਤੇ ਗੁਰਘਰਾਂ ਨੇ ਏਕੇ 'ਚ ਤਾਂ ਹੀ ਰਲਣਾ।

ਸਦੀਆਂ ਅਜ਼ਾਬ ਝੱਲੇ ਆਦਮ ਨੇ ਧਰਤ ਉੱਤੇ
ਹੋਸ਼ਾਂ ਦੀ ਕਰ ਦਵਾ ਤੂੰ ਜ਼ਹਿਮਤ ਨੇ ਤਾਂ ਹੀ ਟਲਣਾ।

7-12-08

## 18

ਪੱਥਰਾਂ ਦਾ ਬਣ ਗਿਆ ਏ ਜੋ ਗਰਾਂ
ਰੇਤ ਵੀ ਵਿਕਦੀ ਹੈ ਜਾਕੇ ਓਸ ਥਾਂ।

ਪੈੜ ਪੁੰਨੂੰ ਦੀ ਹਵਾ ਵਿਚ ਉਡ ਗਈ
ਤੇਰਿਆਂ ਪਰਛਾਂਵਿਆਂ ਦੇ ਵਾਂਗਰਾਂ।

ਨਾ ਮਿਲੇਂਗਾ ਨਾ ਖਿਲੇਗੀ ਆਰਜ਼ੂ
ਬਿਨ ਤੇਰੇ ਨਾ ਧੁੱਪ ਗਾਖੇ ਨਾ ਹੀ ਛਾਂ।

ਸ਼ਬਦ ਮੇਰੇ ਖੁਹਕੇ ਤੂੰ ਤੇ ਲੈ ਗਿਓਂ
ਗੀਤ ਗਾਵਾਂ ਗੂੰਗਿਆਂ ਦੇ ਵਾਂਗਰਾਂ।

ਸੁਣ ਪੁਕਾਰਾਂ ਨਾ ਕਦੀ ਵੀ ਬਹੁੜਿਓਂ
ਕੰਮ ਕਿਹੜੇ ਰਹਿ ਗਈ ਹੁਣ ਇਹ ਜ਼ੁਬਾਂ।

ਦੋਸਤੀ ਵਿਚ ਪਾਟ ਵਧਦੇ ਜਾ ਰਹੇ
ਪਾਟ ਪਾਇਆ ਵੇਖ ਕੈਸਾ ਦੁਸ਼ਮਨਾਂ।

12-12-08

## 19

ਫਿਤਨਾ ਖੜਾ ਹੈ ਕੀਤਾ ਕੈਸਾ ਸ਼ਬਾਬ ਨੇ
ਦਿਲ ਵੀ ਚੁਰਾ ਹੈ ਲੀਤਾ ਮੇਰਾ ਜਨਾਬ ਨੇ।

ਸੁਣਦੇ ਨਾ ਆਹੋ-ਜ਼ਾਰੀ ਸਮਝਣ ਨਾ ਬੇਬਸੀ
ਮੋੜਣ ਉਹ ਮੂੰਹ ਵੀ ਜੀਕਣ ਰੁਸਦੇ ਨਵਾਬ ਨੇ।

ਫੋਲਾਂ ਮੈਂ ਦਿਲਦੇ ਵਰਕੇ ਚੇਤੇ ਵੀ ਨਿਤ ਕਰਾਂ
ਲਾਉਂਦੇ ਉਹ ਹੋਰ ਅਰਬਾ ਕਰਦੇ ਹਿਸਾਬ ਨੇ।

ਆਸਾਂ ਦੇ ਜੋ ਸੀ ਤਿਨਕੇ ਜੋੜੇ ਮੈਂ ਆਲ੍ਹਣੇ
ਬਿਜਲੀ ਹੈ ਫਿਰ ਗਿਰਾਈ ਉਠਦੇ ਹਿਜਾਬ ਨੇ।

ਫੁੱਲਾਂ ਨੂੰ ਦੇ ਕੇ ਖ਼ੁਸ਼ਬੂ ਖੇੜੇ ਬਖੇਰ ਕੇ
ਗੁਲਸ਼ਨ ਵਧਾਈ ਰੌਣਕ ਮੁਖੜੇ ਗੁਲਾਬ ਨੇ।

ਜਿਸ ਲਈ ਕਰਾਂ ਦੁਆਵਾਂ ਖ਼ੁਸ਼ੀਆਂ ਨਸੀਬ ਦੈ
ਓਹੀ ਹਬੀਬ ਮੈਨੂੰ ਦੇਂਦੇ ਅਜ਼ਾਬ ਨੇ।

ਦੇਕੇ ਗ਼ਮਾਂ ਦਾ ਢੋਆ ਖ਼ੁਸ਼ੀਆਂ ਮਨਾਣ ਉਹ
ਖਾਂਦੇ ਲਗਾ ਕੇ ਚਸਕਾ ਦਿਲ ਦਾ ਕਬਾਬ ਨੇ।

ਐਸਾ ਕਰਮ ਹੈ ਹੋਇਆ ਬਾਂਕੇ ਹੁਸੀਨ ਦਾ
ਬਿਰਹਾ ਦੇ ਗੀਤ ਛੇੜੇ ਦਿਲ ਦੀ ਰਬਾਬ ਨੇ।

24-12-08

## 20

ਲੜ ਚਾਨਣੀ ਦਾ ਹੱਥੋਂ ਕਿਉਂਕਰ ਪਿਆ ਇਹ ਸਰਕੇ
ਕਾਸਾ ਉਮੀਦ ਵਾਲਾ ਭਰ ਦੇ ਤੂੰ ਪਿਆਰ ਕਰਕੇ।

ਆਵਣ ਹਨੇਰ ਚਾਹੇ ਬਰਸੇ ਇਹ ਮੇਘਲਾ ਵੀ
ਆਵਾਂਗਾ ਪਾਸ ਤੇਰੇ ਸੁਹਣੀ ਦੇ ਵਾਂਗ ਤਰਕੇ।

ਕੁੱਲੀ ਰਹੇ ਨਾ ਜੁੱਲੀ ਮਨ ਦਾ ਉਛਾਲ ਫਿਰ ਵੀ
ਰਹਿੰਦਾ ਨਾ ਇਹ ਦਬਾਇਆ ਬੈਠੇ ਕਦੀ ਨਾ ਡਰਕੇ।

ਕਰਦੇ ਉਮੀਦ ਪੂਰੀ ਚਾਹੇ ਮਿਟਾਦੇ ਹਸਤੀ
ਤੇਰੀ ਗਲੀ ਮੈਂ ਆਇਆ ਸਿਰ ਨੂੰ ਤਲੀ ਤੇ ਧਰਕੇ।

ਚਾਨਣ ਚੁਫੇਰ ਹੋਇਆ ਫੈਲੀ ਹੈ ਆਣ ਖ਼ੁਸ਼ਬੂ
ਆਮਦ ਕਿਸੇ ਦੀ ਹੋਣੀ ਮੇਰੀ ਇਹ ਅੱਖ ਫਰਕੇ।

ਕੈਸੀ ਅਜੀਬ ਬਾਜ਼ੀ ਦੁਨੀਆਂ ਤੇ ਇਸ਼ਕ ਵਾਲੀ
ਜਿੱਤੇਗਾ ਜੋ ਵੀ ਇਸ ਨੂੰ, ਜਿੱਤੇ ਸਦਾ ਹੀ ਹਰਕੇ।

ਮਸਤੀ ਜਹੀ ਹੈ ਛਾਈ ਬੁੱਲ੍ਹਾਂ ਤੇ ਗੀਤ ਰੁਮਕੇ
ਖ਼ੁਸ਼ੀਆਂ ਦੀ ਲਹਿਰ ਆਈ ਤੇਰੇ ਪਿਆਰ ਕਰਕੇ।

27-12-08

## 21

ਪਿਆਸੀ ਇਸ ਨਜ਼ਰ ਤਾਈਂ ਨਜ਼ਰ ਦਾ ਜਾਮ ਦੇ ਜਾਈਂ
ਦਿਲੇ ਦਾ ਦੀਪ ਜਲਣੇ ਨੂੰ ਬਨੇਰਾ ਬਾਮ ਦੇ ਜਾਈਂ।

ਜੇ ਤੈਨੂੰ ਪਿਆਰ ਕਰਨਾ ਹੀ ਗਿਣੀ ਜਾਂਦੀ ਖ਼ਤਾ ਮੇਰੀ
ਮਿਰੀ ਬੇਲੌਂਸ ਉਲਫਤ ਨੂੰ ਭਲਾ ਇਕ ਨਾਮ ਦੇ ਜਾਈਂ।

ਨਾ ਬਰਸੀ ਹੈ ਨਾ ਬਰਸੇਗੀ ਹਯਾਤੀ ਰੌੜ ਵਰਗੀ ਤੇ
ਨਹੀਂ ਬਰਸਾਤ ਜੇ ਲੇਖੀਂ ਗ਼ਮਾਂ ਦੀ ਸ਼ਾਮ ਦੇ ਜਾਈਂ।

ਨਸ਼ੀਲੇ ਨੈਣ ਤੇਰੇ ਤਾਂ ਰਹੇ ਸੰਕੋਚ ਹੀ ਕਰਦੇ
ਜ਼ਰਾ ਕਰਕੇ ਇਸ਼ਾਰਾ ਤੂੰ ਕੋਈ ਪੈਗ਼ਾਮ ਦੇ ਜਾਈਂ।

ਇਨ੍ਹਾਂ ਖ਼ਾਮੋਸ਼ ਨਜ਼ਰਾਂ ਦੀ ਕਦੋਂ ਤੂੰ ਚੁੱਪ ਤੋੜੇਂਗਾ
ਥਲਾਂ ਵਰਗੀ ਹਯਾਤੀ ਨੂੰ ਜ਼ਰਾ ਆਰਾਮ ਦੇ ਜਾਈਂ।

ਬਹਾਰਾਂ ਵੀ ਬਿਨਾ ਤੇਰੇ ਖ਼ਿਜ਼ਾਂ ਦੇ ਵਾਂਗ ਮੈਨੂੰ ਤੇ
ਇਥਾਂਹੀਂ ਫੇਰ ਮਿਲਣੇ ਦਾ ਸਹਾਰਾ ਖ਼ਾਮ ਦੇ ਜਾਈਂ।

ਉਡੀਕਾਂ ਰੋਜ਼ ਬੈਠਾ ਮੈਂ ਇਹ ਦਿਲ ਨਾਦਾਨ ਸਮਝੇ ਨਾ
ਜੋ ਬਰ ਆਵਣ ਹਸਰਤਾਂ ਤੂੰ ਕੋਈ ਤੇ ਨਾਮ ਦੇ ਜਾਈਂ।

3-3-09

## 22

ਸੁਹਣੇ ਸਜਾਕੇ ਸੁਪਨੇ ਅਪਣੇ ਸਾਂ ਦੇਸ ਪਰਤੇ
ਬਣਕੇ ਖੜੇ ਸਵਾਲੀ ਅਪਣੇ ਹੀ ਜਾਕੇ ਦਰ ਤੇ।

ਸੁਹਣਾ ਸਜਾਕੇ ਘਰ ਨੂੰ ਓਥੋਂ ਅਸੀਂ ਸਾਂ ਆਏ
ਵਾਪਸ ਗਏ ਤਾਂ ਵੇਖੇ ਭਾਣੇ ਪਏ ਸੀ ਵਰਤੇ।

ਟੂਟੀ ਹਰੇਕ ਗ਼ਾਇਬ ਸੱਭੇ ਫਿਊਜ਼ ਉੱਡੇ
ਛਾਈ ਪਈ ਉਦਾਸੀ ਸਾਰੇ ਸੀ ਓਸ ਘਰ ਤੇ।

ਕੰਧਾਂ ਨੂੰ ਮੈਂ ਪਲੋਸਾਂ ਪਾਂ ਥਮਲਿਆਂ ਨੂੰ ਜੱਫੇ
ਮਿੱਟੀ ਛੁਹਾਕੇ ਮੱਥੇ ਕਪੜੇ ਮੈਂ ਸਭਸ ਭਰਤੇ।

ਬੀਵੀ ਵੀ ਹੋਈ ਕਮਲੀ ਸਮਝੇ ਨਾ ਕੀ ਕਰੇ ਉਹ
ਮਿੱਟੀ ਸੰਦੂਖ ਸਾਰੇ ਦੀਮਕ ਸੀ ਆਣ ਕਰਤੇ।

ਰਾਖਾ ਬਣਾਕੇ ਜਿਸਨੂੰ ਅਪਣੇ ਸੀ ਘਰ ਬਿਠਾਯਾ
ਬਿੱਲਾਂ ਦੇ ਓਸ ਬੰਡਲ ਸਾਹਵੇਂ ਲਿਆਕੇ ਧਰਤੇ

ਬੇਲੀ ਹਰੇਕ ਭਾਲੇ ਤੁਹਫੇ ਹਾਂ ਕੀ ਲਿਆਇਆ
ਬੋਝੇ ਭਰੇ ਸੀ ਜਿਹੜੇ ਖ਼ਾਲੀ ਅਸਾਂ ਨੇ ਕਰਤੇ।

ਮੁੜਕੇ ਸਜਾਕੇ ਸੁਪਨੇ ਵਾਪਸ ਕੁਦੇਸ ਪਰਤੇ
ਬਣਕੇ ਖੜੇ ਸਵਾਲੀ ਬੇਟੇ ਦੇ ਆਣ ਦਰ ਤੇ।

4-03-09

## 23

ਹਰ ਸੂ ਉਸ ਦਾ ਸੁਖ਼ਨ ਸਲਾਮਤ ਰਹਿੰਦਾ ਹੈ
ਸੂਲੀ ਚੜ੍ਹਕੇ ਵੀ ਜੋ ਸਚ ਹੀ ਕਹਿੰਦਾ ਹੈ।

ਕਾਗ ਉਡਾਵਾਂ ਮੈਂ ਤੇ ਰੋਜ਼ ਹੀ ਯਾਦਾਂ ਦੇ
ਕਰਨ ਕਰੂਲੀ ਕਾਗ ਬਨੇਰੇ ਬਹਿੰਦਾ ਹੈ।

ਭੁਲ ਜਾਵਾਂ ਮੈਂ ਕੀਕਣ ਉਸ ਦੀ ਸੁਹਲ ਛਵੀ
ਵਾਂਗ ਚੰਦਰਮਾਂ ਯਾਦੀਂ ਚੜ੍ਹਦਾ ਲਹਿੰਦਾ ਹੈ।

ਬੁਰਜ ਸਲਾਮਤ ਜਦ ਤਕ ਉਸਦੇ ਚਾਨਣ ਦਾ
ਗੀਤ ਗ਼ਜ਼ਲ ਦਾ ਦਰਿਆ ਵਹਿੰਦਾ ਰਹਿੰਦਾਹੈ

ਸੁਕ ਜਾਵੇ ਜੇ ਸੋਮਾਂ ਉਸ ਦੀ ਰਹਿਮਤ ਦਾ
ਹਰਇਕ ਬੁਰਜ ਖ਼ੁਸ਼ੀ ਦਾ ਧਰਤੀ ਢਹਿੰਦਾ ਹੈ

9-03-09

## 24

ਮੈਂ ਲਫਜ਼ਾਂ 'ਚ ਤੈਨੂੰ ਉਤਾਰਾਂ ਸਦਾ ਹੀ
ਰਹੇਂ ਦੂਰ ਫਿਰ ਵੀ ਨਿਹਾਰਾਂ ਸਦਾ ਹੀ।

ਤੇਰੀ ਜ਼ੁਲਫ ਬਿਖਰੀ ਹਵਾਵਾਂ ਦੇ ਅੰਦਰ
ਮੈਂ ਬਣ ਬਣਕੇ ਝੋਕਾ ਸਵਾਰਾਂ ਸਦਾ ਹੀ।

ਤੇਰੇ ਬਿਨ ਪਰਾਇਆ ਹੈ ਆਲਮ ਹੀ ਸਾਰਾ
ਮੈਂ ਬਾਕੀ ਦੇ ਰਿਸ਼ਤੇ ਵਿਸਾਰਾਂ ਸਦਾ ਹੀ।

ਤਲਾਸ਼ਾਂ ਗੇ ਰਲਕੇ ਨਵੀਂ ਹੋਰ ਮੰਜ਼ਲ
ਸੁਖ਼ਨ ਇਹ ਮੈਂ ਤੇਰਾ ਚਿਤਾਰਾਂ ਸਦਾ ਹੀ।

ਜੋ ਕਸਕਾਂ ਲੁਕਾਕੇ ਜ਼ਮਾਨੇ ਤੋਂ ਰਖੀਆਂ
ਉ ਸ਼ਿਅਰਾਂ 'ਚ ਅਪਣੇ ਉਤਾਰਾਂ ਸਦਾਹੀ।

16-03-09

## 25

ਮੈਂ ਤੇ ਡਰਦਾ ਰਿਹਾ ਰਾਤ ਕਾਲੀ ਬੜੀ
ਯਾਰ ਆਵੇ ਲਿਆਵੇ ਮਿਲਣ ਦੀ ਘੜੀ।

ਕਾਰਗਰ ਹੈ ਬੜਾ ਇਸ਼ਕ ਹਰ ਗਾਮ ਤੇ
ਹਰ ਮੁਸਾਫਰ ਦੀ ਇਸਨੇ ਹੀ ਬਾਂਹ ਹੈ ਫੜੀ

ਜ਼ਖ਼ਮ ਲਗਦੇ ਤੇ ਰਿਸਦੇ, ਮੈਂ ਸੀਂਦਾ ਰਿਹਾ
ਪਿਆਰ ਐਸਾ ਹੈ ਜਾਦੂ ਦੀ ਇਹ ਤੇ ਛੜੀ।

ਇਹ ਤਾਂ ਸਗਵੀਂ ਅਗਣ ਜੋ ਦੁਪਾਸੀਂ ਲਗੇ
ਹਾਰ ਜਾਵੇ ਜੋ, ਬਾਜ਼ੀ ਹੈ ਉਸਨੇ ਖੜੀ।

ਪਿਆਰੇ ਹੋਠਾਂ ਦੀ ਛੁਹ ਯਾਰ ਜਿਸ ਨੂੰ ਮਿਲੀ
ਜਿੰਦ ਓਸੇ ਦੀ ਜਾਣੋ ਝਨਾ ਵਿਚ ਹੜੀ।

ਸ਼ਬਦ ਆਪੇ ਹੀ ਰਾਗਾਂ 'ਚ ਢਲ ਜਾਣਗੇ
ਅੱਖ ਜਿਸ ਦੀ ਸਨਮ ਸੰਗ ਤੇਰੇ ਲੜੀ।

ਸਿੱਖ ਜਾਵੇਗਾ ਰਖਣੇ ਉਹ ਸੂਲੀਂ ਕਦਮ
ਜਿਸ ਮੁਸਾਫਰ ਦੀ ਸੁਰਤੀ ਹੈ ਮੰਜ਼ਲ ਜੜੀ।

ਬਾਜ਼ ਆਵੇ ਨਾ ਆਸ਼ਕ ਵੀ ਮਹਿਬੂਬ ਤੋਂ
ਜਾਨ ਜਾਵੇ, ਨਾ ਜਾਵੇ ਮਿਲਣ ਦੀ ਘੜੀ।

ਇਸ਼ਕ ਚਾਹੇ ਤਾਂ ਅੰਬਰ ਵੀ ਸਰ ਕਰ ਲਵੇ
ਚਾਹਿ ਆਵਣ ਗੇ ਝੱਖੜ ਤੇ ਲੱਗੇ ਝੜੀ।

16-3-09

## 26

ਠੱਗਾਂ ਤੋਂ ਰਹਿਬਰੀ ਦਾ ਪੱਲਾ ਕਿਵੇਂ ਛੁਡਾਵਾਂ
ਅਪਣਾ ਕਰੋਧ ਸਾਰਾ ਦੱਸੋ ਕਿਵੇਂ ਛੁਪਾਵਾਂ।

ਰਿਸ਼ਵਤ ਹਰੇਕ ਥਾਂ ਤੇ ਰਾਖੇ ਬਣੇ ਜੋ ਸਾਡੇ
ਹੱਕਾਂ ਦੀ ਬਾਤ ਕੀਕਣ ਚੋਰਾਂ ਨੂੰ ਮੈਂ ਸੁਣਾਵਾਂ।

ਅਸਮਤ ਦੇ ਇਹ ਲੁਟੇਰੇ ਬੈਠੇ ਹਰੇਕ ਥਾਂ ਤੇ
ਮੰਦਰ ਮਸੀਤ ਸਾਰੇ ਦੱਸੋ ਕਿਵੇਂ ਬਚਾਵਾਂ।

ਇਨਸਾਫ ਵੀ ਮਿਲੇ ਨਾ ਮੁਨਸਫਦੀ ਜੋ ਕਚਹਿਰੀ
ਰੁਲਦੇ ਨੇ ਲੋਕ ਥਾਂ ਥਾਂ ਇਨਸਾਫ ਕੀ ਦਵਾਵਾਂ।

ਯਾਰੋ ਗਿਆਨ ਦੀ ਮੈਂ ਇਕ ਜੋਤ ਨੂੰ ਜਗਾਕੇ
ਜਨ-ਏਕਤਾ ਦੀ ਸ਼ਕਤੀ ਪਰਬਲ ਪਿਆ ਬਣਾਵਾਂ

ਉੱਠੇ ਗਾ ਫੇਰ ਸੂਰਾ ਕੋ ਭਗਤ ਜਾਂ ਸਰਾਭਾ
ਚੰਡੀ ਦਾ ਰੂਪ ਧਾਰਣ ਆਖ਼ਰ ਤੇ ਬਦਦੁਆਵਾਂ।

ਲੋਕਾਂ ਤੇ ਦੇਸ਼ ਬਦਲੇ ਜਾਨਾਂ ਜੋ ਵਾਰ ਦੇਵਣ
ਸਿਰਲੱਥ ਐਸੇ ਸੂਰੇ ਚਾਹਾਂ ਮੈਂ ਫਿਰ ਜਗਾਵਾਂ।

13-4-09

## 27

ਮੁੱਕੇ ਨਾ ਕੈਦ ਮੇਰੀ ਤੇਰੀ ਇਹ ਕੀ ਰਜ਼ਾ ਹੈ
ਮੇਰੇ ਪਿਆਰ ਦੀ ਦੱਸ ਸਜਣਾ ਕਿਹੀ ਸਜ਼ਾ ਹੈ ?

ਨਾ ਕੋਲ ਹੀ ਤੂੰ ਆਵੇਂ ਪਰ ਦੂਰ ਵੀ ਨਾ ਜਾਵੇਂ
ਮੁੜ ਮੁੜਕੇ ਜ਼ਖਮ ਛੇੜਾਂ ਏਸੇ 'ਚ ਹੀ ਮਜ਼ਾ ਹੈ।

ਹੌਂਕੇ ਭਰਾਂ ਮੈਂ ਨਿਸ ਦਿਨ ਰੋਵਾਂ ਦਿਹੁੰ ਤੇ ਰਾਤੀਂ
ਆਸ਼ਕ ਤੇਰੇ ਦੀ ਕੈਸੀ ਦਿਨ ਰਾਤ ਦੀ ਗ਼ਜ਼ਾ ਹੈ।

ਸੁੰਞਾਂ ਉਦਾਸ ਦਿਲ ਦਾ ਹੋਇਆ ਹੈ ਵੇਖ ਵਿਹੜਾ
ਜੀਵਣ ਤੇ ਛਾਗਈ ਬਸ ਪਤਝੜ ਦੀ ਹੀ ਫਿਜ਼ਾ ਹੈ

ਦਿਲ ਦੀ ਇਹੋ ਤਮੰਨਾ ਤੇਰਾ ਵਸਾਲ ਹੋਵੇ
ਹੋਇਆ ਮੁਹਾਲ ਜੀਣਾ ਬਿਹਤਰ ਮਿਲੇ ਕਜ਼ਾ ਹੈ।

20-4-09

## 28

ਮੈਨੂੰ ਵੀ ਨਾ ਬੁਲਾਵੇ
ਖ਼ੁਦ ਵੀ ਨਾ ਕੋਲ ਆਵੇ
ਦਿਨ ਰਾਤ ਬੀਤ ਜਾਵੇ
ਯਾਦਾਂ ਦੇ ਹੀ ਭੁਲਾਵੇ।

ਇਸਨੂੰ ਪਿਆਰ ਆਖੇਂ
ਦਿਲਦਾ ਦੁਲਾਰ ਆਖੇਂ
ਰੂਹ ਦਾ ਸ਼ੰਗਾਰ ਆਖੇਂ
ਕੈਸੇ ਨੇ ਇਹ ਛਲਾਵੇ।

ਕੈਸੀ ਅਜੀਬ ਯਾਰੀ
ਤੇਰੀ ਹੈ ਇਹ ਪਿਆਰੀ
ਦੇ ਦੇ ਕੇ ਬੇਕਰਾਰੀ
ਤੈਨੂੰ ਕਰਾਰ ਆਵੇ।

ਹੋਵੇ ਰਤਾ ਵੀ ਖੜਕਾ
ਵਧਦਾਏ ਦਿਲਦਾ ਧੜਕਾ
ਆਸਾਂ ਦਾ ਫੇਰ ਤੜ੍ਹਕਾ
ਸ਼ਾਮਾਂ 'ਚ ਬਦਲ ਜਾਵੇ।

ਹੋਵੇ ਨਾ ਹੋਰ ਜੇਰਾ
ਲੋੜਾਂ ਵਸਾਲ ਤੇਰਾ
ਇੱਕੋ ਸਵਾਲ ਮੇਰਾ
ਤੈਨੂੰ ਨਾ ਸਮਝ ਆਵੇ।

ਸਾਰੇ ਖਿਆਲ ਉਲਝੇ
ਤੇਰੇ ਬਿਨਾ ਨਾ ਸੁਲਝੇ
ਚੇਤਾ ਜੇ ਯਾਰ ਭੁੱਲਜੇ
ਦਿਲਨੂੰ ਇਹ ਦਰਦ ਘਾਵੇ

21-4-09

## 29

ਦਰਦ ਪੁਕਾਰੇ ਯਾਰਾ ਯਾਰਾ
ਰਾਤ ਕਟੇ ਗਿਣ ਤਾਰਾ ਤਾਰਾ।

ਚੇਤਰ ਚੜ੍ਹਿਆ ਪਰ ਨਾ ਪਰਤੇ
ਤੁਰਗੇ ਸਜਣਾ ਦੇਕੇ ਲਾਰਾ।

ਦੀਪ ਬੁਝੇ ਦੇ ਧੂੰਏਂ ਵਾਂਗੂੰ
ਫਿਰਦਾਂ ਦਰਦਰ ਮਾਰਾ ਮਾਰਾ।

ਹੌਕੇ ਹੰਝੂ ਝੋਲੀ ਮੇਰੀ
ਨੈਣ ਵਰਾਗੇ ਗ਼ਮ ਦੀ ਧਾਰਾ।

ਦੀਦੇ ਦੀਦ ਕਰਨ ਕਦ ਤੇਰੀ
ਤੈਨੂੰ ਭਾਲਾਂ ਮੈਂ ਦਿਲਦਾਰਾ।

ਮਰਨ ਕਬੂਲਾਂ ਪਰ ਨਾ ਟਲਸਾਂ
ਯਾਰ ਢੁਡੇਸਾਂ ਲੈ ਸਿਰ ਆਰਾ।

ਨਬਜ਼ ਮਸੀਹੇ ਤੈਂ ਹਥ ਮੇਰੀ
ਯਾਰ ਮਿਲਾ ਦੇ ਕਰ ਕੋ ਚਾਰਾ।

24-4-09

## 30

ਬੇਸਵਾਦੇ ਰਾਤ ਦਿਨ
ਹੋ ਗਏ ਤੇਰੇ ਬਿਨਾ
ਜ਼ਿੰਦਗੀ ਦੇ ਸਭ ਮਜ਼ੇ
ਖੋ ਗਏ ਤੇਰੇ ਬਿਨਾ।

ਸਾਥ ਤੇਰਾ ਮਿਲ ਗਿਆ
ਭਾਗ ਮੇਰੇ ਖੁਲ੍ਹ ਗਏ
ਰੁਸ ਗਿਓਂ ਤਾਂ ਬੰਦ ਬੂਹੇ
ਹੋ ਗਏ ਤੇਰੇ ਬਿਨਾ।

ਦਿਨ ਸ਼ਰਾਬੀ ਜਾਪਦੇ
ਰਾਤ ਸੀ ਮਸਤੀ ਜਹੀ
ਗ਼ਮ ਦੀ ਚੱਕੀ ਸੁਹਣਿਆਂ
ਝੋ ਗਏ ਤੇਰੇ ਬਿਨਾ।

ਪੀੜ ਦਾ ਇਕ ਪੂਰ ਹੈ
ਬੇਬਸੀ ਲਾ-ਚਾਰਗੀ
ਬਣਕੇ ਅਥਰੂ ਮੁਖ ਮਿਰਾ
ਧੋ ਗਏ ਤੇਰੇ ਬਿਨਾ।

ਗੀਤ ਗ਼ਜ਼ਲਾਂ ਸੀ ਸਦਾ
ਸਾਥ ਤੇਰੇ ਔੜਦੇ
ਸ਼ਬਦ ਸਾਰੇ ਬੇ ਮੁਖੇ
ਹੋ ਗਏ ਤੇਰੇ ਬਿਨਾ।

28-4-09

## 31

ਯਾਦ ਤੇਰੀ ਮੈਂ ਕਰਦਾ ਕਰਦਾ ਬੈਠ ਗਿਆਂ ਮੁੜ ਅਗ ਦੀ ਛਾਂਵੇਂ।
ਮਹਿਰਮ ਜਾਨੀ ਤੇਰੀ ਮਰਜ਼ੀ ਮੁੜਕੇ ਆਵੇਂ ਜਾਂ ਨਾ ਆਵੇਂ।

ਰਾਤ ਉਡੀਕਾਂ ਦਿਨ ਨੂੰ ਭਾਲਾਂ ਹੋਵਣ ਤਤੀਆਂ ਫਿਰ ਤਰਕਾਲਾਂ
ਜਿਹੜੇ ਰਾਹੀਂ ਤੁਰਗੇ ਮਾਹੀ ਫੇਰ ਦਿਲਾ ਕਿਉ ਮੁੜ ਮੁੜ ਜਾਵੇਂ।

ਕੋਸੇ ਹੰਝੂ ਹੌਂਕੇ ਹਾਵੇ ਤਿਖੀਆਂ ਪੀੜਾਂ ਪੱਲੇ ਪਾਕੇ
ਕੈਸਾ ਨਾਤਾ ਜੋੜ ਗਿਆ ਹੈਂ ਵਢ ਵਢ ਖਾਂਦੇ ਤੈਂ ਬਿਨ ਸਾਂਵੇਂ।

ਚੰਨ ਸਿਤਾਰੇ ਦੀਵੇ ਜੁਗਨੂੰ ਕਰਦੇ ਨੇ ਉਪਰਾਮ ਬੜਾ ਹੁਣ
ਪੈੜਾਂ ਵਿੱਚੋਂ ਪੈੜ ਮੈਂ ਤੇਰੀ ਭਾਲਾਂ ਯਾਰਾ ਹਰ ਇਕ ਥਾਂਵੇਂ।

ਫੇਰ ਮਿਲਾਂਗੇ, ਆਣ ਮਿਲਾਂਗੇ, ਚਾਹੇ ਜਿਤਨਾ ਦੂਰ ਤੂੰ ਤੁਰ ਜਾ
ਸੌੜੀ ਧਰਤੀ ਘੇਰ ਘੁਮਾਕੇ ਔੜਾਂ ਦੀ ਥਾਂ ਬਰਸਣ ਸਾਂਵੇਂ।

ਕਲਕਲ ਨਦੀਆ ਦਿਲਦੀ ਧੜਕਣ ਨਾ ਕਰਦੀ ਵਿਸ਼ਰਾਮ ਕਦੀ ਵੀ
ਸੋਚ ਗੁਲਾਮ ਨਾ ਹਰਗਿਜ਼ ਹੋਵੇ ਨਗ਼ਮੇਂ ਸਚ ਦੇ ਹਰ ਪਲ ਗਾਂਵੇਂ।

ਕਦਮ ਮਿਲਾਕੇ ਬਹਿਰਾਂ ਦੇ ਸੰਗ ਮਟਕ ਮਟਕ ਕੇ ਤੁਰਨਾ ਜਾਨਣ
ਮੇਲ ਵਿਛੋੜੇ ਖ਼ੁਸ਼ੀਆਂ ਗ਼ਮੀਆਂ ਮੇਰੀਆਂ ਗ਼ਜ਼ਲਾਂ ਦੇ ਸਿਰਨਾਂਵੇਂ।

3-5-09

## 32

ਗ਼ਲਬਾ ਹੈ ਆਣ ਪਾਇਆ ਕੈਸੇ ਹਾਲਾਤ ਨੇ
ਸੁਪਨੇ ਮਧੋਲ ਸੁੱਟੇ ਛੋਟੀ ਜਹੀ ਬਾਤ ਨੇ।

ਕਰਦੇ ਰਹੇ ਉਡੀਕਾਂ ਆਵੇਂ ਤਾਂ ਪਹੁ ਫੁਟੇ
ਡਾਢਾ ਹਨੇਰ ਪਾਇਆ ਵਿਛੜਣ ਦੀ ਰਾਤ ਨੇ।

ਮੈਨੂੰ ਉਡੀਕ ਯਾਰਾ ਤੇਰੇ ਵਸਾਲ ਦੀ
ਹਾਸਲ ਤਦੇ ਹੈ ਹੋਣਾ ਮੈਨੂੰ ਨਜਾਤ ਨੇ।

ਦੁਖੜੇ ਅਨੇਕ ਚਾਹੇ ਆਏ ਨੇ ਏਸ ਰਾਹ
ਸੱਭੋ ਵਿਸਾਰ ਦੇਣੇ ਤੇਰੀ ਤੇ ਝਾਤ ਨੇ।

ਦੌਲਤ ਪਿਆਰ ਵਾਲੀ ਬਖ਼ਸ਼ੀ ਸੀ ਤੂੰ ਕਦੇ
ਇਸ ਤੋਂ ਵਧੀਕ ਹਾਸਿਲ ਹੋਣਾ ਕੀ ਦਾਤ ਨੇ।

ਇੱਕੋ ਸਮਾਨ ਉਪਜੇ ਆਦਮ ਨੇ ਐ ਖ਼ੁਦਾ
ਡਾਢੇ ਨੇ ਪਾੜ ਪਾਏ ਬੰਦੇ ਕੁਜਾਤ ਨੇ।

16-5-09

## 33

ਮਰਨਾ ਵੀ ਉਹ ਸਿਖਾਵੇ ਜੀਣਾ ਵੀ ਉਹ ਸਿਖਾਵੇ
ਕਿਓਂਕਰ ਨਾ ਫੇਰ ਉਸ ਤੇ ਮੈਨੂੰ ਪਿਆਰ ਆਵੇ।

ਆਵੇ ਤਾਂ ਦਿਲ ਲੁਭਾਵੇ ਜਾਵੇ ਤਾਂ ਜਾਨ ਜਾਵੇ
ਫੰਦਾ ਉਹ ਪਿਆਰ ਵਾਲਾ ਐਸਾ ਅਜੀਬ ਪਾਵੇ।

ਸਾਰੇ ਹੀ ਫੈਸਲੇ ਹੁਣ ਓਸੇ ਦੇ ਹੱਥ ਯਾਰੋ
ਮੈਨੂੰ ਭੁਲਾ ਦਵੇ ਜਾਂ ਹਿਕੜੀ ਨੂੰ ਫੇਰ ਲਾਵੇ।

ਚਿਨਤਾ ਮੈਂ ਸਭ ਭੁਲਾਕੇ ਓਸੇ ਨੂੰ ਮਨ ਵਸਾਕੇ
ਉਸਦਾਹੀ ਵਿਰਦ ਕਰਦਾਂ ਹਰਪਲ ਉਹ ਯਾਦ ਆਵੇ

ਲੋਕੀਂ ਵੀ ਖਾ ਭੁਲੇਖਾ ਸਮਝਣ ਮੈਂ ਗੀਤ ਲਿਖਦਾਂ
ਉਸ ਦੇ ਬਿਨਾ ਨਾ ਕੁਛ ਵੀ ਮੇਰੀ ਜ਼ੁਬਾਂ ਅਲਾਵੇ।

ਐਸੀ ਹੈ ਬੇਖ਼ੁਦੀ ਹੁਣ ਖ਼ੁਦ ਨੂੰ ਨਾ ਮੈਂ ਪਛਾਣਾ
ਕਰਕੇ ਖ਼ੁਦਾਖ਼ੁਦਾ ਦਿਲ ਦਰਦਾਂ ਨੂੰ ਗਲ ਲਗਾਵੇ।

ਰਿਸ਼ਤਾ ਅਟੂਟ ਸਾਡਾ ਬਣਿਆਂ ਹੈ ਇਸ ਜਹਾਂ ਤੇ
ਦਰਦਾਂ ਦੇ ਗੀਤ ਸੰਧੂ ਚਾਵਾਂ ਦੇ ਨਾਲ ਗਾਵੇ।

19-5-09

## 34

ਸਾਰੀ ਫਿਜ਼ਾ 'ਚ ਫੈਲੀ ਖ਼ੁਸ਼ਬੂ ਤੇਰੀ ਹਿਨਾ ਦੀ
ਬਰਸੀ ਕਿ ਹੁਣਵੀ ਬਰਸੀ ਮਰਜ਼ੀ ਹੈ ਇਸ ਘਟਾ ਦੀ।

ਤੇਰੇ ਹੀ ਪਿਆਰ ਸਦਕਾ ਰੌਣਕ ਹੈ ਇਸ ਚਮਨ ਤੇ
ਹਰ ਸ਼ਾਖ਼ ਹੈ ਦਿਵਾਨੀ ਸੁਣ ਰਾਗਣੀ ਹਵਾ ਦੀ।

ਰੋਮਾਂ 'ਚ ਆਣ ਵੱਸੇ ਜਾਦੂ ਸ਼ਬਾਬ ਵਾਲਾ
ਸੂਰਤ ਨਜ਼ਰ ਨਾ ਆਵੇ ਕੋਈ ਵੀ ਫਿਰ ਬਚਾ ਦੀ।

ਮੁਰਦੇ ਦਿਲਾਂ 'ਚ ਜਾਗੀ ਹੈ ਜੀਣ ਦੀ ਤਮੰਨਾ
ਰੱਖੇ ਅਦਾ ਇਹ ਤੇਰੀ ਤਾਸੀਰ ਵੀ ਦਵਾ ਦੀ।

ਅਪਣੇ ਹੀ ਪਿਆਰ ਦਾ ਹੈ ਚਰਚਾ ਹਰੇਕ ਥਾਂਵੇਂ
ਮੰਜ਼ਲ ਨੂੰ ਆਣ ਪਹੁੰਚੀ ਅਜ਼ਮਤ ਹੈ ਉਸ ਵਫਾਦੀ।

ਏਸੇ ਦੇ ਨਾਲ ਬੱਝੇ ਜੀਵਣ ਦੇ ਰਾਜ਼ ਸਾਰੇ
ਤਾਕਤ ਹੀ ਪਿਆਰ ਅੰਦਰ ਹੋਂਦੀ ਹੈ ਬਸ ਬਲਾਦੀ।

ਮੇਰੇ ਜੋ ਸੁਪਨਿਆਂ ਵਿਚ ਰੰਗਾਂ ਨੂੰ ਆਣ ਭਰਦੈਂ
ਸਿਫਤੀ ਕਰਾਂ ਮੈਂ ਕੀਕਣ ਤੇਰੀ ਮੈਂ ਉਸ ਅਦਾ ਦੀ।

ਤੇਰਾ ਪਿਆਰ ਪਾ ਕੇ ਹੋਇਆ ਨਿਹਾਲ ਜੀਵਨ
ਮਿਲਿਆ ਹੈ ਆ ਕਿਨਾਰਾ ਰਹਿਮਤ ਜਿਵੇਂ ਖ਼ੁਦਾ ਦੀ

19-5-09

## 35

ਮੁੜ ਮੁੜਕੇ ਫੇਰ ਆਵੇਂ ਉਸ ਦੇ ਦਵਾਰ ਬੀਬਾ
ਝੱਲੇ ਨਾ ਹੋਰ ਕੋਈ ਤੈਨੂੰ ਦਵਾਰ ਬੀਬਾ।

ਨਸ਼ਿਆਂ ਨੇ ਖਾ ਲਈ ਹੈ ਜਿਸ ਕੌਮ ਦੀ ਜਵਾਨੀ
ਹੋਣੇ ਨੇ ਓਸ ਥਾਂ ਤੇ ਪੈਦਾ ਵਿਕਾਰ ਬੀਬਾ।

ਕਰ ਲੈ ਉਪਾ ਤੂੰ ਕੋਈ ਕਰ ਨਾ ਤੂੰ ਬੇਧਿਆਨੀ
ਨਸਲਾਂ ਨਿਘਾਰ ਦੇਂਦੀ ਨਸ਼ਿਆਂ ਦੀ ਮਾਰ ਬੀਬਾ।

ਬਿਜਲੀ ਦੇ ਬਾਲ ਲਾਟੂ ਦੀਪਕ ਦੇ ਦੈਂ ਭੁਲਾਵੇ
ਪਰਵਾਨਿਆਂ ਕੀ ਹੋਣਾ ਇਸ ਤੇ ਨਿਸਾਰ ਬੀਬਾ।

ਬੰਦੇ ਨੂੰ ਜਾਣ ਬੰਦਾ ਜਿਨ ਵਿਤਕਰੇ ਮਿਟਾਏ
ਮਾਰਗ ਉਹ ਮਾਣ ਵਾਲਾ ਨਾਹੀਂ ਵਿਸਾਰ ਬੀਬਾ।

ਇੱਕੋ ਦਾ ਹੋਕੇ ਰਹਿ ਜਾ ਭਟਕਣ ਮਿਟਾਕੇ ਸਾਰੀ
ਉਸਦੇ ਨਾ ਵਿਰਦ ਬਾਝੋਂ ਪਲਵੀ ਗੁਜ਼ਾਰ ਬੀਬਾ।

ਮੱਤਾਂ ਨਾ ਦੇ ਤੂੰ ਹੋਰਾਂ ਦੇ ਨਾ ਗਿਆਨ ਫੋਕਾ
ਮਿਨਿਆਂ ਨਾ ਮੂਲ ਜਾਵੇ ਅਕਲੀਂ ਪਿਆਰ ਬੀਬਾ

ਸੰਧੂ ਰਿਝਾ ਨਾ ਐਂਵੇਂ ਮਹਿਫਲ ‘ਚ ਦੋਸਤਾਂ ਨੂੰ
ਤੈਥੋਂ ਰਿਝਾ ਨ ਹੋਇਆ ਅਪਣਾ ਹੀ ਯਾਰ ਬੀਬਾ

11-6-09

## 36

ਕਦੇ ਸ਼ੂਕਰ ਕਦੇ ਰਿਮਝਿਮ ਕਦੇ ਬਣ ਚਹਿਕ ਸੁਣਦੇ ਨੇ
ਉਹ ਕੈਸੇ ਜਲਵਿਆਂ ਦੇ ਵੀ ਅਨੋਖੇ ਜਾਲ ਬੁਣਦੇ ਨੇ।

ਕੋਈ ਸੋਨਾ ਕੋਈ ਹੀਰੇ ਲਿਆਵੇ ਖੁਣਕੇ ਧਰਤੀ ਚੋਂ
ਅਨੋਖੇ ਪਿਆਰ ਦੇ ਰਾਹੀ ਨਦੀ ਪਰਬਤ 'ਚ ਖੁਣਦੇ ਨੇ।

ਕਦੇ ਗਰਦਨ ਤੇ ਜੋ ਚਲਦੇ ਕਦੀ ਉਹ ਪਾਰ ਛਾਤੀ ਚੋਂ
ਬੜੇ ਹਥਿਆਰ ਕਾਰੀ ਉਹ ਮੇਰੇ ਦਿਲਦਾਰ ਚੁਣਦੇ ਨੇ।

ਨਾ ਬਦਲੇ ਨੇ ਨਾ ਬਦਲਣਗੇ ਇਰਾਦੇ ਉਸ ਨੂੰ ਪਾਵਣ ਦੇ
ਅਨੇਕਾਂ ਵਾਰ ਪਰਖਣ ਤੇ ਰਹੇ ਮਜ਼ਬੂਤ ਧੁਣ ਦੇ ਨੇ।

ਕਦੇ ਜੁਗਨੂੰ ਕਦੇ ਤਾਰੇ ਵੀ ਰਸਤਾ ਆਣ ਦਸਦੇ ਨੇ
ਜਦੋਂ ਤਾਰੀਕ ਰਸਤੇ ਦੀ ਧੁਨੀ ਨੂੰ ਯਾਰ ਸੁਣਦੇ ਨੇ।

ਅਨੇਕਾਂ ਆਸ ਦੇ ਸੂਰਜ ਸਮੁੰਦਰ ਡੀਕ ਸਕਦੈ ਪਰ
ਜੋ ਮੰਜ਼ਲ ਠਾਣ ਲੈਂਦੇ ਨੇ ਉਹ ਰਸਤੇ ਆਪ ਚੁਣਦੇ ਨੇ।

## 37

ਸਰ ਸਕਦਾ ਹੈ ਮੇਰਾ ਤਾਂ ਕਰਤਾਰ ਬਿਨਾ
ਸਰਦਾ ਨਾ ਪਰ ਮੇਰਾ ਉਸ ਦਿਲਦਾਰ ਬਿਨਾ।

ਰਿਸ਼ਤੇ ਸਾਰੇ ਓਸ ਬਿਨਾ ਨਾ ਤੁਰ ਸਕਦੇ
ਰਿਸ਼ਤਾ ਨਾ ਕੋ ਪਨਪੇ ਪਰ ਇਤਬਾਰ ਬਿਨਾ।

ਦੌਲਤ ਬਖ਼ਸ਼ੀ ਜਿਸ ਨੂੰ ਸੁਹਣੀ ਸੂਰਤ ਦੀ
ਸਰ ਸਕਦਾ ਹੈ ਉਸਦਾ ਹਰ ਸ਼ਿੰਗਾਰ ਬਿਨਾ।

ਗੱਲ ਦਿਲੇ ਦੀ ਨਾ ਕੋਈ ਵੀ ਸਮਝ ਸਕੇ
ਦਰਦ ਵੰਡਾਵੇ ਨਾ ਕੋਈ ਗ਼ਮਖ਼ਾਰ ਬਿਨਾ।

ਦੌਲਤ ਹੋਰ ਨਾ ਕੋਈ ਮੈਨੂੰ ਚਾਹੀਦੀ
ਕੁਛ ਨਾ ਮੈਨੂੰ ਭਾਵੇ ਤੇਰੇ ਪਿਆਰ ਬਿਨਾ।

## 38

ਲੋੜਾਂ ਥੁੜਾਂ ਤੋਂ ਹਾਰ ਕੇ ਛੱਡੀਂ ਨਾ ਯਾਰ ਜੇਰਾ
ਚਮਕੇਗਾ ਬਣਕੇ ਸੋਨਾ ਡੁਲ੍ਹਿਆ ਪਸੀਨਾ ਤੇਰਾ।

ਕਾਲਾ ਗੁਲਾਬ ਸਮਝੇ ਜਿਸ ਨੂੰ ਉਹ ਬਣਕੇ ਭੋਲਾ
ਸੁਕਿਆ ਲਹੂ ਹੈ ਮੇਰਾ ਸਮਝੇ ਨਾ ਯਾਰ ਮੇਰਾ।

ਮਰਕੇ ਬਣਾ ਮੈਂ ਜੁਗਨੂੰ, ਦੀਪਕ ਬਣਾਂ ਜਾਂ ਤਾਰਾ
ਛਟਕੇ ਰਹੇਗਾ ਲਾਜ਼ਮ ਛਾਇਆ ਇਹ ਸਭ ਹਨੇਰਾ

ਤਿਤਲੀ ਜੋ ਬਣਕੇ ਫਿਰਦੀ ਫੁੱਲਾਂ ਤੇ ਇਹ ਨ ਆਸ਼ਕ
ਫੁੱਲਾਂ ਫਲਾਂ ਤੇ ਪਲਦੀ ਲੋਭੀ ਹੈ ਇਸ ਦਾ ਫੇਰਾ।

ਸਾਹਾਂ 'ਚ ਮਹਿਕ ਤੇਰੀ ਤਾਜ਼ਾ ਹਵਾ ਦੇ ਵਾਂਗੂੰ
ਤੇਰੇ ਹੀ ਨਾਲ ਸੁਹਣਾ ਜੀਵਨ ਦਾ ਸਭ ਚੁਫੇਰਾ।

ਝੋਲੀ 'ਚ ਆਣ ਪੈਂਦੇ ਖ਼ੁਸ਼ੀਆਂ ਤੇ ਰੰਗ ਸਾਰੇ
ਸਾਂਝਾਂ ਦੀ ਬੈਠ ਛਾਂਵੇਂ ਛੋਹੇ ਜੋ ਹਰ ਸਵੇਰਾ।

ਪੀਂਦੇ ਨੇ ਹੋਂਠ ਉਸ ਦੇ ਮੀਰਾਂ ਦੇ ਵਾਂਗ ਵਿਸ਼ ਨੂੰ
ਰੱਖੇ ਯਕੀਨ ਪੂਰਾ ਡੋਲੇ ਨਾ ਜਿਸ ਦਾ ਜੇਰਾ।

## 39

ਸਾਹਾਂ ਦੇ ਸਾਜ਼ ਉੱਤੇ
ਰੂਹ ਨੇ ਅਲਾਪ ਕੀਤਾ
ਤੇਰਾ ਜਾਂ ਲੈ ਸੁਨੇਹਾਂ
ਕਿਰਨਾਂ ਦਾ ਜਾਮ ਪੀਤਾ

ਨੈਣਾਂ ਦੇ ਖੋਲ੍ਹ ਬੂਹੇ
ਸੁਪਨੇ ਰੰਗੀਨ ਆਏ
ਸੁਹਣੇ ਮੈਂ ਯਾਰ ਤੇਰਾ
ਜਦ ਵੀ ਦਿਦਾਰ ਕੀਤਾ।

ਨਾ ਤਾਰ ਤਾਰ ਹੋਵੇ
ਨਾ ਦਾਗ਼- ਦਾਰ ਹੋਵੇ
ਦਾਮਨ ਇਹ ਜ਼ਿੰਦਗੀ ਦਾ
ਅਪਣਾ ਮੈਂ ਕੁੰਜ ਲੀਤਾ।

ਹਾਰਾਂ ਵੀ ਜਰਨ ਮੁਸ਼ਕਿਲ
ਤੋਬਾ ਵੀ ਕਰਨ ਔਖਾ
ਸ਼ਿਕਵੇ ਸ਼ਕਾਇਤ ਦੀ ਥਾਂ
ਰੱਖਾਂ ਜ਼ੁਬਾਂ ਨੂੰ ਸੀਤਾ।

ਹਰਗਿਜ਼ ਜ਼ੁਬਾਂ ਨਾ ਉਚਰੇ
ਮੂੰਹੋਂ ਉਹ ਸੀ ਨਾ ਆਖੇ
ਔਝੜ ਅਜੀਬ ਰਸਤਾ
ਜਿਸ ਵੀ ਪਿਆਰ ਕੀਤਾ।

ਗ਼ਮ ਸਾਗਰਾਂ 'ਚ ਘਿਰਦੀ
ਮਨਦੀ ਜਦੋਂ ਵੀ ਕਿਸ਼ਤੀ
ਪੂਨਮ ਦੇ ਚੰਨ ਮੇਰੇ
ਤੂੰ ਹੀ ਉਭਾਰ ਲੀਤਾ।

## 40

ਬੇਪਰ ਨੂੰ ਪਰ ਲਗਾਏ ਤੇਰੇ ਪਿਆਰ ਨੇ।
ਤਾਰੇ ਦਿਨੇ ਦਿਖਾਏ ਤੇਰੇ ਪਿਆਰ ਨੇ।

ਮੇਰਾ ਹੈਂ ਖ਼ਾਬ ਤੂੰ ਹੀ ਮੇਰੇ ਜਨਾਬ ਤਾਂ ਹੀ
ਰੌਸ਼ਨ ਜਹਾਂ ਬਣਾਏ ਤੇਰੇ ਪਿਆਰ ਨੇ।

ਆਵੇ ਤੇ ਫੇਰ ਘਾਵੇ ਛਡਿਆ ਵੀ ਉਹਨਾ ਜਾਵੇ
ਕੈਸੇ ਨੇ ਰੰਗ ਜਮਾਏ ਤੇਰੇ ਪਿਆਰ ਨੇ।

ਯਾਰੀ ਸਰੂਰ ਐਸਾ ਤੇਰਾ ਗ਼ਰੂਰ ਐਸਾ
ਮੁਸ਼ਕਾਂ ਹਾਂ ਬੰਨ੍ਹ ਬਠਾਏ ਤੇਰੇ ਪਿਆਰ ਨੇ।

ਮੇਰੇ ਦਿਲੇ ਦੇ ਜਾਨੀ ਜਾਣਾ ਨਾ ਰਾਜ਼ ਕੁਛ ਵੀ
ਰੱਖੇ ਹਾਂ ਕਿਉਂ ਤਿਹਾਏ ਤੇਰੇ ਪਿਆਰ ਨੇ।

ਤੇਰਾ ਦਿਦਾਰ ਦੇਵੇ ਬੂੰਦਾਂ ਸਵਾਂਤ ਕੋਈ
ਪਰਦੇ ਨੇ ਸਭ ਉਠਾਏ ਤੇਰੇ ਪਿਆਰ ਨੇ।

ਝੁਕਦਾ ਨਾ ਜੋ ਕਿਸੇ ਤੋਂ ਸੰਧੂ ਤੋਂ ਯਾਰ ਏਥੇ
ਸਜਦੇ ਕਰਾ ਵਖਾਏ ਤੇਰੇ ਪਿਆਰ ਨੇ।

## 41

ਅੱਖਾਂ ਦਾ ਨੂਰ ਜਾਵੇ ਤੇਰਾ ਦੀਦਾਰ ਕਰਦੇ
ਸਾਹਾਂ ਦੀ ਡੋਰ ਟੁੱਟੇ ਤੇਰਾ ਹੀ ਨਾਂ ਉਚਰਦੇ।

ਦੌਲਤ ਪਿਆਰ ਵਾਲੀ ਜਿਸ ਤੋਂ ਨਾ ਸਾਂਭ ਹੋਈ
ਚੱਟੀ ਜਿਓਣ ਵਾਲੀ ਐਂਵੇਂ ਰਹੇ ਉਹ ਭਰਦੇ।

ਪਤਝੜ ਨਾ ਜਿਸ ਤੇ ਆਵੇ ਬੂਟਾ ਪਿਆਰ ਵਾਲਾ
ਮੌਸਮ ਹਰੇਕ ਅੰਦਰ ਇਸ ਦੇ ਨੇ ਰੰਗ ਨਿਖਰਦੇ।

ਦਿਲ ਦੀ ਢੂੰਘਾਣ ਵਿੱਚੋਂ ਟੋਲੇ ਇਹ ਹੋਰ ਮੋਤੀ
ਨਗ਼ਮੇਂ ਪਿਆਰ ਵਾਲੇ ਡੂੰਘੇ ਨੇ ਜਾ ਉਤਰਦੇ।

ਤੇਰੇ ਪਿਆਰ ਸਦਕਾ ਆਈ ਖ਼ਿਜ਼ਾਂ ਨਾ ਜਿਸ ਤੇ
ਜੀਵਨ 'ਚ ਨਾਜ਼ ਨਖਰੇ ਤੇਰੇ ਹੀ ਸੰਗ ਝਰਦੇ।

ਜਿਤਨਾ ਇਹ ਹੋਰ ਡੂੰਘਾ ਜੀਵਨ 'ਚ ਆਣ ਉਤਰੇ
ਜਜ਼ਬੇ ਪਿਆਰ ਵਾਲੇ ਉੱਚੇ ਨੇ ਹੋ ਉਭਰਦੇ।

ਸੰਧੂ ਲੁਭਾ ਨਾ ਹੋਇਆ ਅਪਣਾ ਹੀ ਯਾਰ ਜਿਸ ਤੋਂ
ਢੋਰਾਂ ਦੇ ਵਾਂਗ ਉਹ ਨੇ ਜੀਵਨ 'ਚ ਰਹਿ ਵਿਚਰਦੇ।

## 42

ਹੈ ਰੂਪ ਕਿਤਨੇ ਧਾਰਦਾ ਜੋ ਚਾਨਣਾਂ ਜਹੇ
ਦੇਵਾਂ ਗਾ ਤੈਨੂੰ ਰੌਸ਼ਨੀ ਹਰ ਮੋੜ ਤੇ ਕਹੇ।

ਲਿਖਦਾ ਰਿਹਾ ਮੈਂ ਦਾਸਤਾਂ ਹੰਝਵਾਂ ਦੇ ਨਾਲ ਹੀ
ਮੈਥੋਂ ਵਿਛੋੜੇ ਯਾਰ ਦੇ ਜਾਂਦੇ ਨਾ ਹੁਣ ਸਹੇ।

ਚੰਨਾ ਵੇ ਤੇਰੀ ਚਾਨਣੀ ਹੋਵੇ ਨਸੀਬ ਨਾ
ਮੈਂ ਕੀ ਕਰਾਂ ਇਹ ਚਾਨਣੇ ਤਾਰੇ ਦੀ ਛਾਂ ਜਹੇ।

ਚਹਿਕਣ ਨੂੰ ਅੰਬਰ ਵੀ ਦਿਓ ਪਣਪਣ ਨੂੰ ਆਲ੍ਹਣਾ
ਦਿਲ ਦਾ ਪਰਿੰਦਾ ਜੇਸ ਨੂੰ ਅਪਣਾ ਹੀ ਘਰ ਕਹੇ।

ਦੁਸ਼ਵਾਰੀਆਂ ਦੇ ਸਹਿਮ ਨੇ ਘੇਰੇ ਨੇ ਲੋਕ ਆ
ਝੱਖੜ ਚੁਫੇਰ ਜੰਗ ਦਾ ਦੁਨੀਆਂ ਤੇ ਕਿਉਂ ਵਹੇ।

ਆਓ ਕਿ ਲਾਈਏ ਫੁੱਲ ਵੀ ਹਰ ਰੰਗ ਤੇ ਨਸਲ ਦੇ
ਧਰਮੋਂ ਮਿਟਾਵੋ ਵਿਤਕਰੇ ਰਖ ਪਿਆਰ ਦੇ ਫਹੇ।

## 43

ਸੁਪਨੇ 'ਚ ਰੋਜ਼ ਤੇਰੀ
ਡੋਲੀ ਨੂੰ ਮੈਂ ਲਿਆਵਾਂ
ਸੁੰਞਾਂ ਪਿਆ ਇਹ ਵਿਹੜਾ
ਸ਼ਗਨੀ ਪਿਆ ਸਜਾਵਾਂ।

ਹੋਂਦੇ ਨੇ ਸਹਿਲ ਸਾਰੇ
ਬਿਖੜੇ ਉਜਾੜ ਰਸਤੇ
ਚੇਤੇ 'ਚ ਰਹਿਣ ਮੇਰੇ
ਦਿਲਕਸ਼ ਉਹ ਸਭ ਅਦਾਵਾਂ

ਜਾਣੀ ਹਰੇਕ ਮੰਜ਼ਲ
ਪੈਰਾਂ 'ਚ ਹੈ ਮਧੋਲੀ
ਪੂਰਾ ਯਕੀਨ ਮੈਨੂੰ
ਪੈਂਡਾ ਨਾ ਮੈਂ ਗਵਾਵਾਂ।

ਸਾਰੀ ਉਜਾੜ ਨਗਰੀ
ਤੇਰੇ ਬਿਨਾ ਇਹ ਜਾਪੇ
ਕਰ ਕਰਕੇ ਦੀਪ ਰੌਸ਼ਨ
ਰਸਤੇ ਤੇਰੇ ਟਿਕਾਵਾਂ।

ਆ ਜਾ ਤੂੰ ਯਾਰ ਆ ਜਾ
ਸੁਣਕੇ ਪੁਕਾਰ ਦਿਲ ਦੀ
ਗ਼ਜ਼ਲਾਂ ਤੇ ਗੀਤ ਗਾ ਕੇ
ਤੈਨੂੰ ਪਿਆ ਬੁਲਾਵਾਂ।

## 44

ਕਦੀ ਜਾਮ ਵਸਲਾਂ ਦਾ ਭਰਕੇ ਪਿਲਾ ਦੇ
ਮੇਰੇ ਯਾਰ ਐਸੀ ਤੂੰ ਅਟਕਲ ਬਣਾ ਦੇ।

ਤੇਰੀ ਯਾਦ ਅੰਦਰ ਇਹ ਅਥਰੂ ਵੀ ਛਲਕਣ
ਮੁਹੱਬਤ ਪਿਆਸੀ ਤੂੰ ਆਕੇ ਪਿਲਾ ਦੇ।

ਜੋ ਪਲਕਾਂ ਵਿਛਾਵੇ ਤੇ ਰਸਤਾ ਨਿਹਾਰੇ
ਕਦੀ ਉਸ ਦੀ ਨਗਰੀ ਵੀ ਫੇਰਾ ਤੂੰ ਪਾ ਦੇ।

ਤੇਰੀ ਭਾਲ ਕਰਦਾ ਹਾਂ ਹੋਇਆ ਸ਼ੁਦਾਈ
ਆ ਮੇਰੇ ਮਸੀਹਾ ਤੂੰ ਗ਼ਮ ਦੀ ਦਵਾ ਦੇ।

ਪਛਾਣਾ ਕਿਵੇਂ ਮੂਲ ਅਪਣਾ ਮੈਂ ਯਾਰਾ
ਆ ਭਟਕੇ ਤੂੰ ਰਾਹੀ ਨੂੰ ਰਸਤਾ ਵਖਾ ਦੇ।

ਫਿਰਾਂ ਯਾਰ ਦੇਂਦਾ ਮੈਂ ਹਰ ਥਾਂ ਦੁਹਾਈ
ਤੂੰ ਮਿਲਣੇ ਦਾ ਯਾਰਾ ਵਸੀਲਾ ਬਣਾ ਦੇ।

ਉਦਾਸੀ ਹਰਾਸੀ ਨਿਰਾਸੀ ਹਯਾਤੀ
ਪਿਆਰਾਂ ਦਾ ਦਰਿਆ ਤੂੰ ਆਕੇ ਵਹਾ ਦੇ।

ਬਣਾ ਦੇ ਬਣਾ ਦੇ ਬਣਾ ਦੇ ਤੂੰ ਆ ਕੇ
ਤੂੰ ਉਜੜੀ ਬਣਾ ਦੇ ਤੇ ਦੁਨੀਆਂ ਵਸਾ ਦੇ।

ਤੂੰ ਆਵੇਂ ਤਾਂ ਆਵਣ ਬਹਾਰਾਂ ਵੀ ਏਥੇ
ਤੇ ਆਮਦ ਸਦੀਵੀ ਖ਼ਜ਼ਾਵਾਂ ਮਿਟਾ ਦੇ।

ਇਹ ਸੰਧੂ ਨਿਮਾਣਾ ਤੇਰੀ ਦੀਦ ਚਾਹੇ
ਐ ਕੋਹਤੂਰ ਮੇਰੇ ਤੂੰ ਜਲਵਾ ਵਖਾ ਦੇ।

## 45

ਆਓ ਸਾਰੇ ਰਲਕੇ ਬੈਠੋ ਮਹਿਫਲ ਹੈ ਵਿਦਵਾਨਾਂ ਦੀ
ਦੂਰ ਕਰੋ ਸਭ ਝਗੜੇ ਝੇੜੇ ਜ਼ਾਤ ਇਕੋ ਇਨਸਾਨਾਂ ਦੀ।

ਬੰਦੇ ਬਣਕੇ ਧਰਮ ਅਸਾਡਾ ਬੰਦੇ ਵਾਂਗੂੰ ਰਹਿਣਾ ਹੈ
ਹਿੰਦੂ ਸਿੱਖ ਇਸਾਈ ਮੁਸਲਮ ਬਾਤ ਇਹੋ ਈਮਾਨਾਂ ਦੀ।

ਖੁਦਗਰਜ਼ੀ ਦੇ ਮਾਰੇ ਸਾਰੇ ਆਣ ਕਸਾਈ ਬਣ ਬਹਿੰਦੇ
ਰਾਹ ਵਖਾਵਣ ਵਾਲੇ ਸਾਰੇ ਗੱਲ ਕਰਾਂ ਸੁਲਤਾਨਾਂ ਦੀ।

ਵੰਡ ਵੰਡਾਕੇ ਧਰਤੀ ਸਾਰੀ ਟੁਕੜੇ ਟੁਕੜੇ ਕਰ ਬੈਠੇ
ਧਰਮਾਂ ਨੇ ਸਭ ਲੋਕੀਂ ਪਾੜੇ ਚਰਚਾ ਹੈ ਘਮਸਾਨਾਂ ਦੀ।

ਨਸ਼ਿਆਂ ਦੀ ਲਤ ਪਾਕੇ ਸਭਨੂੰ ਨਸਲਾਂ ਨੂੰ ਬਰਬਾਦ ਕਰਨ
ਜੀਵਣ ਦਾ ਉਹ ਰਾਹ ਨ ਦਸਦੇ ਰਾਹ ਦੱਸਣ ਸ਼ਮਸ਼ਾਨਾਂ ਦੀ

ਬੈਠੇ ਸੀ ਜੋ ਰਾਖੇ ਬਣਕੇ ਸਾਡੇ ਧਰਮ-ਸਥਾਨਾਂ ਦੇ
ਚੋਰਾਂ ਦੇ ਸੰਗ ਰਲਗੇ ਜਿਹੜੇ ਗੱਲ ਕਰਾਂ ਦਰਬਾਨਾਂ ਦੀ।

ਚੋਰਾਂ ਦੇ ਕਪੜੇ ਤੇ ਡਾਂਗਾਂ ਦੇ ਗਜ਼ ਸੁਣਦੇ ਆਏ ਸਾਂ
ਹਾਲਤ ਐਸੀ ਕਰ ਦਿੱਤੀ ਹੈ ਧਰਮਾਂ ਦੇ ਅਸਥਾਨਾਂ ਦੀ।

ਘਰ ਹੁੰਦੇ ਉਮਰਾਂ ਦੀ ਮਿਹਨਤ ਪਲ ਵਿੱਚ ਢੇਰੀ ਨ ਕਰੀਏ
ਬਣਕੇ ਸਭ ਦੇ ਘਰ ਦੇ ਰਾਖੇ ਗੱਲ ਕਰੋ ਨਿਰਮਾਨਾਂ ਦੀ।

ਕਿਲਕਣ ਬਾਲ ਤੇ ਨੱਚਣ ਸਾਰੇ ਸਾਥੀ ਬਣਕੇ ਦੁਖ ਸੁਖ ਦੇ
ਵੈਣ ਵਿਛੋੜੇ ਤਜਕੇ ਸਾਰੇ ਰੁਤ ਆਵੇ ਮੁਸਕਾਨਾਂ ਦੀ।

## 46

ਬੁੱਲ੍ਹਾਂ ਨੂੰ ਬੰਦ ਕਰਕੇ ਨੈਣਾ ਦੇ ਬਾਰ ਢੋ ਕੇ
ਰੱਖਾਂ ਮੈਂ ਦਿਲ 'ਚ ਅਪਣੇ ਉਸ ਨੂੰ ਲਕੋ ਲਕੋ ਕੇ।

ਵੇਖਣ ਉਹ ਯਾਰ ਮੇਰਾ ਕੋਲੇ ਖਲੋ ਖਲੋ ਕੇ
ਗੱਲੀਂ ਸਵਾਦ ਲੈਂਦੇ ਪਾਣੀ ਬਲੋ ਬਲੋ ਕੇ।

ਸਮਝੇ ਨਾ ਯਾਰ ਵਿਥਿਆ ਗਾ ਗਾ ਕੇ ਮੈਂ ਸੁਣਾਵਾਂ
ਅਪਣੇ ਦਿਲੇ ਦੀ ਪੀੜਾ ਗ਼ਜ਼ਲਾਂ 'ਚ ਮੈਂ ਪਰੋਕੇ।

ਰੀਝਾਂ ਦੇ ਬਾਲ ਦੀਵੇ ਰਸਤੇ 'ਚ ਰੋਜ਼ ਰੱਖਾਂ
ਕਰਦੇ ਤੂੰ ਆਣ ਰੌਸ਼ਨ ਨ੍ਹੇਰੇ ਨੂੰ ਸਭ ਪਲੋ ਕੇ।

ਪੁਛਦੇ ਨੇ ਯਾਰ ਬੇਲੀ 'ਤੈਨੂੰ ਕੀ ਹੋ ਗਿਆ ਏ'
ਲਾਈਆਂ ਜਦੋਂ ਤੋਂ ਨਜ਼ਰਾਂ ਬੈਠਾ ਹੈਂ ਹੋਸ਼ ਖੋ ਕੇ।

ਹੱਸਣ ਗੇ ਕਰ ਬਖੀਲੀ ਤਕ ਤਕ ਕੇ ਹਾਲ ਮੇਰਾ
ਰੁਸਵਾ ਕਰਾਂ ਨਾ ਤੈਨੂੰ ਚੱਕੀ ਗ਼ਮਾਂ ਦੀ ਝੋ ਕੇ।

ਸੌਖੇ ਨਾ ਜਾਣੋ ਲਿਖਣੇ ਕਿੱਸੇ ਇਹ ਦਰਦ ਵਾਲੇ
ਲੈ ਖ਼ੂਨ ਦੀ ਸਿਆਹੀ ਨੈਣਾ ਦੇ ਨੀਰ ਚੋ ਕੇ।

ਔਂਦਾ ਨਿਖਾਰ ਨਿਸਦਿਨ ਮੇਰੀ ਗ਼ਜ਼ਲ ਤੇ ਤਾਂਹੀਂ
ਪੀੜਾਂ ਦੇ ਸ਼ਬਦ ਬੀੜਾਂ ਅਥਰਾਂ 'ਚ ਰੋਜ਼ ਧੋਕੇ।

ਮਸਤੀ ਤਦੇ ਹੈ ਛਾਈ ਦੁਨੀਆਂ ਵਿਸਾਰ ਸਾਰੀ
ਤੇਰੀ ਛਵੀ ਨੂੰ ਰੱਖਿਆ ਯਾਦਾਂ 'ਚ ਮੈਂ ਪਰੋਕੇ।

ਸੰਧੂ ਤੂੰ ਵਾਰ ਆਪਾ ਜੇ ਕਰ ਦੀਦਾਰ ਲੋੜੇਂ
ਆਵੇ ਗਾ ਯਾਰ ਧਾ ਕੇ ਬੈਠੇ ਗਾ ਕੋਲ ਹੋ ਕੇ।

## 47

ਵਲਵਲੇ, ਜਜ਼ਬੇ, ਉਮੀਦਾਂ, ਸੱਧਰਾਂ
ਤੜਪਦੇ ਨੇ ਬਿਨ ਤੇਰੇ ਮੈਂ ਕੀ ਕਰਾਂ।

ਸ਼ੋਖ ਨਜ਼ਰਾਂ ਦੇ ਇਸ਼ਾਰੇ ਨਾ ਰਹੇ
ਰਹਿ ਗਏ ਨੇ ਚਾਅ ਕੁਆਰੇ ਇਸ ਤਰ੍ਹਾਂ

ਰਾਤ ਦਿਨ ਹਾਲਤ ਮੇਰੀ ਤੇ ਹੱਸਦੇ
ਦਰ ਦਿਵਾਰਾਂ, ਸਭ ਦੁਆਲਾ ਤੇ ਗਰਾਂ।

ਚਾਅ ਕੁਆਰੇ ਭਾਲਦੇ ਨੇ ਛੁਹ ਤੇਰੀ
ਅੰਬਰਾਂ ਤੇ ਮੈਂ ਉਡਾਰੀ ਕਿਵ ਭਰਾਂ।

ਦਿਲ ਉਦਾਸੇ ਘਰ ਨਿਰਾਸੇ ਰਾਤ ਦਿਨ
ਫਨ ਫਰੇਬਾਂ ਦੇ ਖਿਲਾਰੇ ਰਹਿਬਰਾਂ।

ਇਸ਼ਕ ਦਾ ਪਾਂਧੀ ਨਸੀਹਤ ਨਾ ਸੁਣੇ
ਜ਼ੋਰ ਲਾਕੇ ਵੇਖ ਲੈ ਦਾਨਸ਼-ਵਰਾਂ।

ਸੋ ਮਿਲੇ ਜੇ ਯਾਰ ਦੀ ਉਸ ਪਾਰ ਤੋਂ
ਜਾ ਮੈਂ ਪਹੁਚਾਂ ਤਰ ਹਵਾ ਤੇ ਬਿਨ ਪਰਾਂ

## 48

ਬਿਨ ਤੇਰੇ ਮੈਂ ਬਣ ਗਿਆਂ ਬਸ ਵੇਖ ਰੇਤਾ ਦੀ ਨਦੀ
ਯਾਰ ਮੇਰੇ ਬਣ ਸਮੁੰਦਰ ਮਾਰ ਗੇੜਾ ਤੂੰ ਕਦੀ।

ਜੀ ਸਕਾਂ ਨਾ ਬਿਨ ਤੇਰੇ ਮੈਂ ਹਾਲਤੋਂ ਬੇਹਾਲ ਹਾਂ
ਪਲ ਵਿਛੋੜੇ ਦੇ ਗੁਜ਼ਰਦੇ ਜਿਓਂ ਗੁਜ਼ਰਦੀ ਹੈ ਸਦੀ।

ਕੰਨ ਤੇਰੇ ਰੋਜ਼ ਸੁਣਕੇ ਕਿਉਂ ਵਸਾਰਣ ਜਾਣਦੇ
ਤੜਪਦੀ ਤੇ ਤਰਸਦੀ, ਕਰਦੀ ਰੁਦਨ, ਸੁੱਕੀ ਨਦੀ।

ਤਕ ਹਿਜਰ ਵਿਚ ਲੇਖ ਤੱਤੀ ਦੇ ਕਿਵੇਂ ਨੇ ਸੜ ਗਏ
ਰੋਜ਼ ਬਲਦੀ ਰੇਤ ਮੇਰੀ ਬਣਕੇ ਮੇਘਲ ਆ ਕਦੀ।

ਜ਼ਿੰਦਗੀ ਦੀ ਢਲ ਗਈ ਤਰਕਾਲ ਫਿਰਵੀ ਸੋਚਦਾਂ
ਆਸ ਤੇਰੇ ਮਿਲਣ ਦੀ ਵੇਖੋ ਕਦੋਂ ਬਰ ਆਂਵਦੀ।

ਰੱਖ ਧਰਿਜ ਜੇ ਧਿਆਵੇਂ ਨਿੱਤ ਅਪਣੇ ਯਾਰ ਨੂੰ
ਪਾ ਲਏਂਗਾ ਲਕਸ਼ ਸੰਧੂ, ਦੇਰ ਹੈ ਅਜ਼ਮਾਂਵਦੀ।

## 49

ਗਲ ਗ਼ਮਾਂ ਦਾ ਹਾਰ ਆਕੇ ਵੇਖ ਲੈ
ਦਿਲ ਗਿਆਂ ਮੈਂ ਹਾਰ ਆਕੇ ਵੇਖ ਲੈ।

ਹਰ ਤਰਫ ਤੋਂ ਹੀ ਤਾਂ ਲੱਗਣ ਤੁਹਮਤਾਂ
ਗਰਮ ਹੈ ਬਾਜ਼ਾਰ ਆਕੇ ਵੇਖ ਲੈ।

ਦਿਲ ਉਦਾਸਾ ਤੇ ਨਿਰਾਸਾ ਤੜਪਦਾ
ਹੈ ਬੜਾ ਬੇਜ਼ਾਰ ਆਕੇ ਵੇਖ ਲੈ।

ਸੋਗ ਛਾਇਆ ਹੈ ਚੁਫੇਰੇ ਰਾਤ ਦਿਨ
ਐ ਮਿਰੇ ਦਿਲਦਾਰ ਆਕੇ ਵੇਖ ਲੈ।

ਹੋ ਗਈ ਮੁਸ਼ਕਿਲ ਗੁਜ਼ਾਰਨ ਜ਼ਿੰਦਗੀ
ਹੌਸਲਾ ਮਿਸਮਾਰ ਆਕੇ ਵੇਖ ਲੈ।

ਨਾ ਕਦੀ ਬਿਨ ਹੌਸਲੇ ਮੰਜ਼ਲ ਮਿਲੇ
ਬਿਨ ਤਿਰੇ ਦੀਦਾਰ ਆਕੇ ਵੇਖ ਲੈ।

ਹੈ ਸਲੀਬੇ ਲਟਕਦੀ ਇਹ ਜਿੰਦੜੀ
ਐ ਮਿਰੇ ਗ਼ਮਖ਼ਾਰ ਆਕੇ ਵੇਖ ਲੈ।

## 50

ਸੋਗਵਾਰੇ ਨਾ ਸਵੇਰੇ ਆਉਣ ਮੁੜਕੇ ਧਰਤ ਤੇ
ਮਰਘਟਾਂ ਦੇ ਗੀਤ ਫਿਰ ਨਾ ਗਾਉਣ ਮੁੜਕੇ ਧਰਤ ਤੇ।

ਨਾ ਧੁਆਂਖੇ ਚਾਨਣੀ ਸੋਗੀ ਸਵੇਰੇ ਹੋਣ ਨਾ
ਨਾ ਤਬਾਹੀ ਅਗਣ ਬੰਬ ਵਰਸਾਉਣ ਮੁੜਕੇ ਧਰਤ ਤੇ।

ਖੰਭ ਮੇਰੇ ਖੋਲ੍ਹ ਦੇ ਪਰਵਾਜ਼ ਐਸੀ ਬਖਸ਼ ਦੇ
ਨਾ ਕਿਸੇ ਦੇ ਆਲ੍ਹਣੇ ਇਹ ਢਾਉਣ ਮੁੜਕੇ ਧਰਤ ਤੇ।

ਬਣ ਮਸੀਹਾ ਅਮਨ ਦਾ ਹਰ ਇਕ ਬਸ਼ਰ ਏਥੇ ਰਹੇ
ਰਹਿਮਤਾਂ ਹੀ ਰਹਿਮਤਾਂ ਵਰਸਾਉਣ ਮੁੜਕੇ ਧਰਤ ਤੇ।

ਧਰਤ ਸਾਰੀ ਹੀ ਬਣੇ ਦਰਪਣ ਉਮੀਦਾਂ ਦਾ ਜਿਵੇਂ
ਸੋਗਵਾਰੇ ਵਕਤ ਫਿਰ ਨਾ ਆਉਣ ਮੁੜਕੇ ਧਰਤ ਤੇ।

ਦੂਧੀਆ ਇਸ ਚਾਨਣੀ ਵਿਚ ਸਭ ਧਮਾਲਾਂ ਪਾ ਸਕਣ
ਸੂਰਜਾਂ ਦਾ ਚਾਨਣਾ ਲਸ਼ਕਾਉਣ ਮੁੜਕੇ ਧਰਤ ਤੇ।

ਫੈਲਰੇ ਜਿੱਥੋਂ ਵੀ ਤੀਕਰ ਅੰਬਰਾਂ ਦੇ ਸਿਲਸਲੇ
ਭਰ ਉਡਾਰੀ ਚਾ ਕੁਆਰੇ ਆਉਣ ਮੁੜਕੇ ਧਰਤ ਤੇ।

ਧਰਤੀਆਂ ਤੇ ਸਾਗਰਾਂ ਦੀ ਵੰਡ ਕਾਣੀ ਨਾ ਰਹੇ
ਸਭ ਕਿਨਾਰੇ ਸਾਂਝ ਦੇ ਮੁਸਾਉਣ ਮੁੜਕੇ ਧਰਤ ਤੇ।

ਰਾਵਣਾ ਮਹਿਖਾਸਰਾਂ ਚੰਗੇਜ਼ ਗੌਰੀ ਦੇ ਜਹੇ
ਬਣ ਦਰਿੰਦੇ ਜ਼ੁਲਮ ਨਾ ਵਰਤਾਉਣ ਮੁੜਕੇ ਧਰਤ ਤੇ।

## 51

ਇਸ ਸਫਰ ਦਾ ਜੋ ਮੁਸਾਫਿਰ ਸੀਸ ਤਲੀਆਂ ਤੇ ਧਰੇ
ਰੀਸ ਕਿਹੜਾ ਉਸ ਮੁਸਾਫਿਰ ਦੇ ਸਫਰ ਦੀ ਆ ਕਰੇ।

ਕੰਧਾਰ ਦੇ ਵੀ ਜੋ ਵਲੀ ਨੂੰ ਬਾਤ ਅਮਨਾਂ ਦੀ ਕਹੇ
ਪੱਥਰਾਂ ਤੇ ਛਾਪ ਕਿਰਤੀ ਹੱਥ ਦੀ ਉਹ ਆ ਧਰੇ।

ਬਾਤ ਕੇਵਲ ਅਰਚਨਾ ਤੇ ਸਾਧਨਾ ਦੀ ਹੀ ਨਹੀਂ
ਕਰਮ ਤੇ ਵਿਸ਼ਵਾਸ ਕਰਦਾ ਜ਼ਾਲਮਾਂ ਤੋਂ ਨਾ ਡਰੇ।

ਜੇਸ ਨੇ ਪਹਿਚਾਨ ਕੀਤੀ ਏਕ ਮਾਨਵ ਜ਼ਾਤ ਦੀ
ਉਹ ਦਰਿਸ਼ਟੀ ਵੇਖ ਸਕਦੀ ਧਰਤੀਆਂ ਤੋਂ ਵੀ ਪਰੇ।

ਉਹ ਪਵਨ ਨੂੰ ਵਾਂਗ ਗੁਰ ਪਾਣੀ ਪਿਤਾ ਸੀ ਜਾਣਦਾ
ਹਿਰਸੀ ਆਦਮ ਪਵਨ ਪਾਣੀ ਹਰ ਜਗ੍ਹਾ ਦੂਸ਼ਿਤ ਕਰੇ।

ਨਾਨਕਾਂ ਤੇ ਅਰਜਨੋਂ ਗੋਬਿੰਦ ਦੀ ਜੋ ਸੇਧ ਹੈ
ਧਰਤ ਸਾਰੀ ਬਾਰ ਬਾਰਮ ਸੂਰਮੇਂ ਪੈਦਾ ਕਰੇ।

## 52

ਸੰਦਲੀ ਧੁੱਪਾਂ, ਹਨੇਰਾ ਖਾ ਗਿਆ ਹੈ ਕੀਕਣ
ਹਰ ਤਰਫ ਇਹ ਕੂੜ ਬਣਕੇ ਛਾ ਗਿਆ ਹੈ ਕੀਕਣ।

ਗੂੰਜਦੀ ਮੇਰੀ ਸਦਾ ਨਾ ਉਹ ਕਦੀ ਵੀ ਕੰਨ ਦੇ
ਰਾਤ ਸੁਪਨੇ ਗੀਤ ਕੋਈ ਗਾ ਗਿਆ ਹੈ ਕੀਕਣ।

ਰੌਸ਼ਨੀ ਦੇ ਦੀਦਿਆਂ ਵਿਚ ਛਾ ਗਈ ਹੈ ਕਾਲੋਂ
ਜ਼ੋਰ-ਆਵਰ ਹੱਕ ਸਾਡੇ ਖਾ ਗਿਆ ਹੈ ਕੀਕਣ।

ਤਪਦਿਆਂ ਹੋਇਆਂ ਥਲਾਂ ਤੇ ਨਾ ਕਿਤੇ ਹੈ ਬਦਲੀ
ਬਣਕੇ ਸਾਇਆ ਸਿਰ ਮੇਰੇ ਤੇ ਛਾ ਗਿਆ ਹੈ ਕੀਕਣ

ਬੀਤ ਚੁੱਕੇ ਪਲ ਨਾ ਮੁੜਕੇ ਆਂਵਦੇ ਨੇ ਸੋਚਦਾਂ
ਪਲ ਮਿਲਣ ਦਾ ਫੇਰ ਮੁੜਕੇ ਆ ਗਿਆ ਹੈ ਕੀਕਣ।

ਬੀਜ ਅੰਦਰ ਪਨਪਦਾ ਸੁਪਨਾ ਸਦਾ ਹੈ ਵਰਨਾ
ਇਹ ਬਹਾਰਾਂ ਦਾ ਸੁਨੇਹਾਂ ਆ ਗਿਆ ਹੈ ਕੀਕਣ।

ਬਿਨ ਪਰਾਂ ਵੀ ਮਚਲਦੀ ਪਰਵਾਜ਼ ਦੀ ਹੈ ਚਾਹਤ
ਵੇਖ ਬੰਦਾ ਅੰਬਰਾਂ ਤੇ ਛਾ ਗਿਆ ਹੈ ਕੀਕਣ।

## 53

ਦੂਰ ਨਜ਼ਰਾਂ ਤੋਂ ਤੇਰਾ ਬਸੇਰਾ ਰਿਹਾ
ਪੰਧ ਮੇਰਾ ਤੇ ਹੋਂਦਾ ਲਮੇਰਾ ਰਿਹਾ।

ਪੈਰ ਮੇਰੇ ਤਾਂ ਕੜੀਆਂ 'ਚ ਜਕੜੇ ਰਹੇ
ਵੈਰ ਦੁਨੀਆਂ ਨੂੰ ਡਾਢਾ ਘਨੇਰਾ ਰਿਹਾ।

ਬਾਲ ਰੱਖੇ ਸੀ ਦੀਪਕ ਮੈਂ ਰਸਤੇ ਤੇਰੇ
ਬਹੁਤ ਖਾਂਦਾ ਇਹ ਕੌੜਾਂ ਹਨੇਰਾ ਰਿਹਾ।

ਕਾਗ ਚੂਰੀ ਵੀ ਖਾਂਦੇ ਰਹੇ ਆਣਕੇ
ਫਿਰਵੀ ਸਖਣਾ ਹੀ ਉਹਨਾਂਦਾ ਫੇਰਾ ਰਿਹਾ

ਬਣਕੇ ਸੂਰਜ ਉਦੈ ਨਾ ਤੂੰ ਹੋਇਓਂ ਕਦੇ
ਘੋਰ ਨ੍ਹੇਰੇ 'ਚ ਮੇਰਾ ਚੁਫੇਰਾ ਰਿਹਾ।

ਸੋਨੇ ਚਾਂਦੀ ਨੇ ਤੈਨੂੰ ਵਰਾਇਆ ਬੜਾ
ਜ਼ੋਰ ਇਸ਼ਕੇ ਦਾ ਇਸ ਤੋਂ ਵਧੇਰਾ ਰਿਹਾ।

ਦਨਦਨੌਂਦਾ ਰਿਹਾ ਰਾਜ ਜ਼ੁਲਮੀਂ ਸਦਾ
ਖ਼ੂਨ ਰੀਝਾਂ ਦਾ ਹੋਂਦਾ ਬਥੇਰਾ ਰਿਹਾ।

ਰਾਸ ਖ਼ੁਸ਼ੀਆਂ ਦੀ ਸਾਥੋਂ ਨ ਪਾਈ ਗਈ
ਵਿਲਕਦਾ ਪਿਆਰ ਤੇਰਾ ਤੇ ਮੇਰਾ ਰਿਹਾ।

ਜਗ-ਮਗੌਂਦੇ ਰਹੇ ਖ਼ਾਬ ਮਿਲਣੇ ਦੇ ਜਾਂ
ਆਸ ਦੇਂਦਾ ਨਵੀਂ ਹਰ ਸਵੇਰਾ ਰਿਹਾ।

## 54

ਮਸਤ ਨਜ਼ਰਾਂ ਚੁਰਾ ਗਿਆ ਕੋਈ
ਦਿਲ 'ਚ ਹਲਚਲ ਮਚਾ ਗਿਆ ਕੋਈ।

ਰੰਗ ਜਿਸ ਦਾ ਗੁਲਾਬ ਵਰਗਾ ਸੀ
ਹਰ ਸੂ ਮਹਿਕਾਂ ਖਿੰਡਾ ਗਿਆ ਕੋਈ।

ਕਵਲ ਵਾਂਗੂੰ ਸਰਾਂ ਤੇ ਜੋ ਤੈਰੇ
ਲਹਿਰ ਦਿਲ ਵਿਚ ਉਠਾ ਗਿਆ ਕੋਈ।

ਖ਼ਾਬ ਦੇ ਕੇ ਗਿਆ ਉਹ ਨੈਣਾਂ ਨੂੰ
ਦਿਲ ਦੀ ਦੁਨੀਆਂ ਵਸਾ ਗਿਆ ਕੋਈ।

ਮਸਤ ਅਪਣੀ ਖ਼ੁਦੀ 'ਚ ਰਹਿੰਦੇ ਸਾਂ
ਹੁਣ ਸੁਤਾ ਤੇ ਹੈ ਛਾ ਗਿਆ ਕੋਈ।

ਜੋੜ ਨਾਤੇ ਬਣਾ ਕੇ ਉਹ ਅਪਣਾ
ਭਾਗ ਮੇਰੇ ਜਗਾ ਗਿਆ ਕੋਈ।

ਸਫਰ ਸਹਿਰਾ ਦਾ ਸੀ ਬੜਾ ਔਖਾ
ਤਪਸ਼ ਰਾਹੋਂ ਮਿਟਾ ਗਿਆ ਕੋਈ।

ਬਿਨ ਪਰਾਂ ਹੀ ਕਿਵੇਂ ਮੈਂ ਉਡ ਸਕਨੈਂ
ਖੰਭ ਐਸੇ ਲਗਾ ਗਿਆ ਕੋਈ।

ਭਾਲ ਜਿਸ ਦੀ ਸੀ ਜ਼ਿੰਦਗੀ ਸਾਰੀ
ਆਕੇ ਸਾਹੀਂ ਸਮਾ ਗਿਆ ਕੋਈ।

ਦੇਕੇ ਖ਼ੁਸ਼ੀਆਂ ਵਟਾ ਕੇ ਗ਼ਮ ਮੇਰੇ
ਕੈਸੇ ਨਗ਼ਮੇਂ ਸੁਣਾ ਗਿਆ ਕੋਈ।

## 55

ਮੰਦਰ ਦੇ ਦੀਪ ਵਰਗੀ ਆਭਾ ਉਹ ਯਾਦ ਮੈਨੂੰ
ਰੋਮੀਂ ਸਮਾ ਗਿਆ ਜੋ ਚੇਤੇ ਉਹ ਨਾਦ ਮੈਨੂੰ।

ਰੰਗਾਂ ਵਿਹੂਣਾ ਜੀਵਣ ਜਿਸਦੇ ਬਿਨਾ ਸੀ ਸਾਰਾ
ਸ਼ਗਨਾਂ ਦੇ ਨਾਲ ਆਕੇ ਕੀਤਾ ਅਬਾਦ ਮੈਨੂੰ।

ਆਮਦ ਤੇਰੀ ਰਸੀਲੀ ਰੰਗਾਂ ਦੀ ਪੀਂਘ ਵਰਗੀ
ਰਖਿਆ ਹਯਾਤ ਸਾਰੀ ਜਿਸ ਨੇ ਹੈ ਸ਼ਾਦ ਮੈਨੂੰ।

ਪੁੱਤਰ ਤੇ ਆਣ ਧੀਆਂ ਨਸਲਾਂ ਵਧਾਣ ਅੱਗੇ
ਹੀਰੇ ਦੀ ਖਾਨ ਵਰਗੀ ਦਿੱਤੀ ਉਲਾਦ ਮੈਨੂੰ।

ਜਿੱਥੇ ਜਦੋਂ ਵੀ ਕੀਤਾ ਜੀਵਣ 'ਚ ਕੋਈ ਹੀਲਾ
ਸਫਲਾ ਉਹ ਕਾਜ ਕੀਤਾ ਦੇਕੇ ਤੂੰ ਦਾਦ ਮੈਨੂੰ।

ਜੀਵਣ ਦੀ ਸ਼ਾਦਮਾਨੀ ਤੇਰੇ ਹੈ ਸੰਗ ਮਾਣੀ
ਪਤਝੜ ਬਹਾਰ ਵਰਗਾ, ਦੇਵੇ ਸਵਾਦ ਮੈਨੂੰ।

ਸਾਥੀ ਅਜਿਹਾ ਮਿਲਣਾ ਮੁਸ਼ਕਲ ਨਸੀਬ ਹੋਂਦਾ
ਹਾਸਿਲ ਇਹ ਸਾਥ ਹੋਇਆ ਆਦੋਂ ਜੁਗਾਦ ਮੈਨੂੰ

ਸ਼ਾਹਾਂ ਨੂੰ ਜੋ ਨ ਮਿਲਦੀ, ਮਿਲਦੀ ਕਿਸੇ ਕਿਸੇ ਨੂੰ
ਹਾਸਲ ਉਹ ਬੇਹਿਸਾਬੀ ਹੋਈ ਜਦਾਦ ਮੈਨੂੰ।

ਸੰਧੂ ਹੈ ਬਹੁਤ ਮੁਸ਼ਕਿਲ ਕਰਜ਼ਾ ਉਤਾਰ ਸਕਣਾ
ਫਿਕਰਾਂ ਤੋਂ ਜਿਸਨੇ ਰਖਿਆ ਉਮਰਾ ਅਜ਼ਾਦ ਮੈਨੂੰ

## 56

ਆਵੇਗਾ ਨਾਮ ਓਸਦਾ ਹਰਦਮ ਜ਼ਬਾਨ ਤੇ
ਜਿਸ ਦੇ ਲਈ ਹਾਂ ਖੇਡਿਆ ਉਮਰਾ ਮੈਂ ਜਾਨ ਤੇ।

ਇਸ਼ਕੇ ਦੀ ਲੱਗੀ ਅੱਗ ਨਾ ਛੁਪਦੀ ਕਿਸੇ ਤਰ੍ਹਾਂ
ਭਾਂਬੜ ਉਹ ਬਣਕੇ ਮੱਚਦੀ ਕੱਖੀਂ ਛੁਪਾਨ ਤੇ।

ਲਾਉਣੇ ਬੜੇ ਅਸਾਨ ਤੇ ਪਾਲਣ ਬੜੇ ਕਠਨ
ਉਮਰਾ ਹੀ ਦਾਅ ਤੇ ਲਾਂਵਦੇ ਲਗੀਆਂ ਨਿਭਾਨ ਤੇ।

ਰੱਖੇ ਸੀ ਸਾਂਭ ਸਾਂਭ ਕੇ ਸੁਪਨੇ ਮਲੂਕ ਮੈਂ
ਉਮਰਾਂ ਦੀ ਕੈਦ ਹੋ ਗਈ ਉਸ ਦੇ ਬਿਆਨ ਤੇ।

ਮੁਸ਼ਕਲ ਤੋਂ ਨਾ ਰਤੀ ਕਦੀ ਡਰਦੇ ਨੇ ਲੋਕ ਜੋ
ਰੋਕਾਂ ਹੀ ਲੈਕੇ ਜਾਵਣਾ ਉੱਚੀ ਉਡਾਨ ਤੇ।

ਵੇਖੇ ਜਹਾਨ ਬੇਲੀਆ ਕੌਤਕ ਪਿਆਰ ਦੇ
ਕੀਕਣ ਬਹਾਰ ਆਂਵਦੀ ਧਰਤੀ ਵਰਾਨ ਤੇ।

ਇਸ਼ਕੇ ਨੂੰ ਜਿਹਨਾਂ ਸੌਂਪਤੀ ਸਾਰੀ ਹਯਾਤ ਹੀ
ਜੀਂਦਾ ਉਨ੍ਹਾਂ ਦਾ ਨਾਮ ਹੈ ਸਾਰੇ ਜਹਾਨ ਤੇ।

## 57

ਸਾਜਨ ਦੇ ਸੰਗ ਜਾਪੇ ਦੁਨੀਆਂ ਜਹਾਨ ਹੈ
ਉਸ ਦੇ ਬਿਨਾ ਤੇ ਜਾਪੇ ਸਾਰਾ ਵਰਾਨ ਹੈ।

ਕਬਜ਼ਾ ਨਹੀਂ ਪਿਆਰ ਤਾਂ ਕਹਿੰਦੇ ਪਛਾਣ ਨੂੰ
ਰੂਹਾਂ ਜੋ ਮੇਲ ਦੇਵੇ ਐਸੀ ਸਿਆਨ ਹੈ।

ਬੂਟਾ ਪਿਆਰ ਵਾਲਾ ਉੱਗੇ ਨਾ ਜੇਸ ਥਾਂ
ਦਿਲ ਦੀ ਉਹ ਧਰਤ ਜਾਣੋ ਬੰਜਰ ਸਮਾਨ ਹੈ।

ਝੱਲੇ ਨਾ ਤਾਬ ਜਿਸ ਦੀ ਉਸ ਬਿਨ ਬੇਤਾਬ ਹੈ
ਜਾਣੇ ਨਾ ਰੋਗ ਕੈਸਾ ਦਿਲ ਇਹ ਨਦਾਨ ਹੈ।

ਸ਼ੇਅਰਾਂ 'ਚ ਢਲ ਗਏ ਨੇ ਹੌਕੇ ਅਨੇਕ ਹੀ
ਸੀਨੇ 'ਚ ਸ਼ੂਕਦਾ ਜੋ ਗ਼ਮ ਦਾ ਤੁਫਾਨ ਹੈ।

ਮੁੜ ਮੁੜਕੇ ਪਰਖ ਨਾਹੀਂ ਇਹ ਹੌਸਲਾ ਮੇਰਾ
ਖੋਰੇ ਨਾ ਵਕਤ ਜੇਸ ਨੂੰ ਐਸੀ ਚਟਾਨ ਹੈ।

## 58

ਯਾਦ ਤੇਰੀ ਦਿਲੋਂ ਮੈਂ ਭੁਲਾਵਾਂ ਕਿਵੇਂ
ਨਕਸ਼ ਹੋਈ ਜੋ ਦਿਲ ਤੋਂ ਮਿਟਾਵਾਂ ਕਿਵੇਂ।

ਜ਼ਿੰਦਗੀ ਦੇ ਸੁਹਾਣੇ ਜੋ ਬੀਤੇ ਸਮੇਂ
ਯਾਦ ਉਹਨਾਂਦੀ ਦਿਲਚੋਂ ਗੁਆਵਾਂ ਕਿਵੇਂ।

ਰੋਣ ਨੈਣਾਂ ਨੂੰ ਆਵੇ ਤੇ ਤਰਸਣ ਬੜੇ
ਗੀਤ ਖ਼ੁਸ਼ੀਆਂ ਦੇ ਦਸਦੇ ਅਲਾਵਾਂ ਕਿਵੇਂ।

ਨਾ ਪਹੁੰਚਣ ਸੁਨੇਹੇਂ ਤਿਰੇ ਤੀਕ ਹੁਣ
ਕੋਈ ਤਦਬੀਰ ਦੱਸੀਂ ਘਲਾਵਾਂ ਕਿਵੇਂ।

ਗੀਤ ਬਿਰਹੋਂ ਦੇ ਜਿਹੜੇ ਮੈਂ ਲਿਖਦਾ ਰਿਹਾਂ
ਦੂਰ ਬੈਠੇ ਨੂੰ ਤੈਨੂੰ ਸੁਣਾਵਾਂ ਕਿਵੇਂ।

ਆਉਣ ਸਾਂਵੇਂ ਤਾਂ ਸਖੀਆਂ ਬੁਲਾਵਣ ਜਦੋਂ
ਵੈਰ ਮੇਰੇ ਪਈਆਂ ਨੇ ਘਟਾਵਾਂ ਕਿਵੇਂ।

ਬੋਝ ਹੋਇਆ ਹੈ ਜੀਣਾ ਇਕੱਲੇ ਜਿਵੇਂ
ਸ਼ਾਦਯਾਨੇ ਖ਼ੁਸ਼ੀ ਦੇ ਵਜਾਵਾਂ ਕਿਵੇਂ।

ਨੀਂਦ ਆਵੇ ਨਾ ਰਾਤੀਂ ਜੁਦਾਈ ਬੁਰੀ
ਦੂਰ ਰੱਖਾਂ ਇਹ ਸੱਭੋ ਬਲਾਵਾਂ ਕਿਵੇਂ।

## 59

ਪਿਲਾ ਦੇ ਪਿਲਾ ਦੇ ਪਿਲਾ ਦੇ ਤੂੰ ਸਾਕੀ
ਸਭੋ ਗ਼ਮ ਭੁਲਾਦੇ ਭੁਲਾ ਦੇ ਤੂੰ ਸਾਕੀ।

ਬੜੇ ਯਾਰ ਅਪਣੇ ਦੇ ਨਖਰੇ ਉਠਾਏ
ਆ ਫਸਤਾ ਹੀ ਸਾਰਾ ਮੁਕਾਦੇ ਤੂੰ ਸਾਕੀ।

ਮਿਟਾ ਦੇ ਮਿਟਾ ਦੇ ਤੂੰ ਸਾਰੀ ਮਿਟਾ ਦੇ
ਤੇ ਯਾਦਾਂ ਦੀ ਤਖਤੀ ਜਲਾ ਦੇ ਤੂੰ ਸਾਕੀ।

ਉ ਸਹਿਰਾ ਦੀ ਤੜਪਣ ਝਨਾਵਾਂ ਦਾ ਤਰਨਾ
ਤੇ ਸੁਪਨੇ ਉਮੀਦਾਂ ਮਿਟਾ ਦੇ ਤੂੰ ਸਾਕੀ।

ਨਾ ਵਸਲਾਂ ਮੈਂ ਲੋੜਾਂ ਨਾ ਦੀਦਾਰ ਭਾਲਾਂ
ਇਕੋ ਜਿਸਮ ਸਾਡਾ ਬਣਾ ਦੇ ਤੂੰ ਸਾਕੀ।

ਕਦੇ ਯਾਰ ਅਪਣਾ ਜੁਦਾ ਨਾ ਮੈਂ ਵੇਖਾਂ
ਤੇ ਅਟਕਲ ਅਜਿਹੀ ਬਣਾਦੇ ਤੂੰ ਸਾਕੀ।

ਨਾ ਹੋਸ਼ਾਂ ਦੀ ਕੋਈ ਦਵਾ ਮੈਂ ਤੇ ਭਾਲਾਂ
ਉਦੇ ਦਿਲ ਦੀ ਤੜਪਣ ਜਗਾਦੇ ਤੂੰ ਸਾਕੀ

ਤੇ ਦੂਈ ਦਾ ਪਰਦਾ ਮਿਟਾ ਦੇ ਤੂੰ ਸਾਰਾ
ਇਕੋ ਜਾਨ ਸਾਡੀ ਬਣਾ ਦੇ ਤੂੰ ਸਾਕੀ।

ਪਿਲਾ ਦੇ ਤੂੰ ਐਸਾ ਕੋਈ ਜਾਮ ਮੈਨੂੰ
ਖ਼ੁਦਾ ਦੀ ਵੀ ਹਸਤੀ ਭੁਲਾਦੇ ਤੂੰ ਸਾਕੀ।

ਵਿਸਾਰਾਂ ਮੈਂ ਸਾਰੇ, ਰਹੇ ਉਸ ਦਾ ਚੇਤਾ
ਸਭੋ ਹੋਰ ਯਾਦਾਂ ਮਿਟਾ ਦੇ ਤੂੰ ਸਾਕੀ।

## 60

ਉਸ ਦਾ ਹੀ ਹੋਕੇ ਰਹਿਣਾ ਮੇਰੀ ਪਛਾਨ ਹੈ
ਕਿੱਦਾਂ ਕਰਾਂ ਕਿਨਾਰਾ ਦਿਲ ਤਾਂ ਜਵਾਨ ਹੈ।

ਪਹਿਚਾਨ ਹੀ ਤੋਂ ਬੰਦਾ ਲੋਕੀਂ ਨੇ ਜਾਣਦੇ
ਜੀਵਨ ਪਿਆਰ ਕਰਨਾ, ਰਿਸ਼ਤੇ ਨਿਭਾਨ ਹੈ।

ਜੀਵਨ ਦਾ ਕੁਛ ਭਰੋਸਾ ਆਦਮ ਦਾ ਨਾ ਕਦੇ
ਰਿਸ਼ਤੇ ਦੀ ਸਾਂਝ ਰਖਦੀ ਉਸ ਨੂੰ ਜਵਾਨ ਹੈ।

ਸਾਂਝਾਂ ਕਦੇ ਨ ਤੋੜੋ, ਤੋੜੋ ਨ ਦਿਲ ਕਿਸੇ ਦਾ
ਸਾਂਝਾਂ ਜੋ ਤੋੜ ਦੇਵੇ ਬੰਦਾ ਨਦਾਨ ਹੈ।

ਕਿੰਨੀ ਵੀ ਤੇਜ਼ ਹੋਵੇ ਰੱਖੋ ਮਿਆਨ ਵਿਚ
ਰਾਖੀ ਕਰੇ ਗਰੀਬ ਦੀ ਇਸਦੀ ਪਛਾਨ ਹੈ।

ਸ਼ੇਖ਼ੀ ਬਖੇਰ ਬੰਦਾ ਬਣਦਾ ਮਹਾਨ ਨਾ
ਅਪਣੀ ਕਮੀਂ ਨੂੰ ਬੰਦਾ ਚਾਹੇ ਛੁਪਾਨ ਹੈ।

ਧਰਮਾਂ ਦੇ ਤੌਂਕ ਲਾਹੋ ਪਾਵੋ ਨਾ ਵੰਡੀਆਂ
ਆਦਮ ਦੀ ਜ਼ਾਤ ਇੱਕੋ ਬਾਕੀ ਗੁਮਾਨ ਹੈ।

ਇੱਕੋ ਹੈ ਜੋਤ ਸਭ ਦੀ ਪੂਰਾ ਯਕੀਨ ਹੈ
ਜੰਨਤ ਬਣਾਵੋ ਦੁਨੀਆਂ ਏਸੇ 'ਚ ਸ਼ਾਨ ਹੈ।

## 61

ਆਇਆ ਹੈ ਫੇਰ ਮੁੜਕੇ ਨ੍ਹੇਰਾ ਇਹ ਰਾਤਦਾ
ਤੇਰੇ ਬਿਨਾ ਹੈ ਮੁਸ਼ਕਿਲ ਕਟਨਾ ਹਯਾਤ ਦਾ।

ਬਣਕੇ ਤੂੰ ਦੀਪ ਆ ਜਾ ਰਾਹਾਂ ਹਨੇਰ ਨੇ
ਮਿਲਕੇ ਹੈ ਢੂੰਡ ਲੈਣਾ ਰਸਤਾ ਨਜਾਤ ਦਾ।

ਸਦੀਆਂ ਕਠਨ ਰਹੇ ਨੇ ਰਸਤੇ ਪਿਆਰ ਦੇ
ਹੋਂਦੇ ਨੇ ਪਾਰ ਦਿਲ ਜੋ ਰਖਦੇ ਸਪਾਤ ਦਾ।

ਰਲਕੇ ਕਦਮ ਜੋ ਧਰਦੇ ਪਹੁੰਚਣ ਹਰੇਕ ਥਾਂ
ਕਰਦੇ ਨੇ ਸਾਮਣਾ ਜੋ ਹਰਇਕ ਅਫਾਤ ਦਾ।

ਆਪਾਂ ਵਖਾ ਹੈ ਦੇਣਾ ਸਾਰੇ ਜਹਾਨ ਨੂੰ
ਸੋਮਾਂ ਹੈ ਪਿਆਰ ਵਾਲਾ ਰਸਤਾ ਨਿਸ਼ਾਤ ਦਾ।

ਰਹਿਮਤ ਵੀ ਪਿਆਰ ਵਾਲੀ ਹੁੰਦੀ ਹੈ ਫੇਰਹੀ
ਬਣ ਜਾ ਤੂੰ ਯੋਗ ਪਾਤਰ ਐਸੀ ਸੁਗਾਤ ਦਾ।

ਭੁਲਿਆ ਰਹੇਂ ਤੂੰ ਜੇ ਕਰ ਚੇਤੇ ਵੀ ਨਾ ਕਰੇਂ
ਵਰ੍ਹਨਾ ਤੂੰ ਜਾਣ ਮੁਸ਼ਕਿਲ ਉਸਦੀ ਵੀ ਦਾਤ ਦਾ

## 62

ਸਾਹਾਂ ਤੋਂ ਵੀ ਵਧੇਰੇ ਤੇਰਾ ਮੈਂ ਨਾਮ ਲੈਨਾ
ਉਠਦੇ ਤੇ ਬੈਠਦੇ ਵੀ ਸੁਬ੍ਹਾ ਤੇ ਸ਼ਾਮ ਲੈਨਾ।

ਪਲਪਲ ਤੇ ਕਰ ਬਹਾਨੇ ਤੈਨੂੰ ਹੀ ਮੈਂ ਬੁਲਾਵਾਂ
ਪੂਰੇ ਜ਼ਰੂਰ ਹੋਣੇ ਸੁਪਨੇ ਜੋ ਆਮ ਲੈਨਾ।

ਤੁਰਦਾ ਰਹਾਂ ਨਿਰੰਤਰ ਮੰਜ਼ਲ ਕਰੀਬ ਜਾਪੇ
ਏਸੇ ਉਮੀਦ ਉੱਤੇ ਹਰਇਕ ਮੈਂ ਗਾਮ ਲੈਨਾ।

ਤੇਰੀ ਛਵੀ ਹੀ ਜਾਪੇ ਮੈਨੂੰ ਹਰੇਕ ਥਾਂ ਤੇ
ਛਾਵੇ ਸਰੂਰ ਤਾਂ ਹੀ ਯਾਦਾਂ ਦਾ ਜਾਮ ਲੈਨਾ।

ਤੇਰੇ ਜਲੌਂ ਦੇ ਪਾ ਕੇ ਜਲਵੇ ਮੈਂ ਯਾਰ ਨੂਰੀ
ਦਿਲ ਨੂੰ ਸੰਭਾਲ ਅਪਣੇ ਧੜਕਣ ਮੈਂ ਥਾਮ ਲੈਨਾ

ਜਾਪਣ ਅਜੀਬ ਸਭ ਨੂੰ ਮੇਰੇ ਤੇ ਬੋਲ ਬਾਣੀ
ਆਖਣ ਸ਼ਰੀਕ ਸਾਰੇ ਸੁਪਨੇ ਮੈਂ ਖ਼ਾਮ ਲੈਨਾ।

ਤੇਰੀ ਹੀ ਤਾਂਘ ਹਰਦਮ ਚਲਦਾ ਰਹਾਂ ਨਿਰੰਤਰ
ਭੇਜੇਂ ਤੂੰ ਹਰ ਸਵੇਰਾ ਕਰ ਮੈਂ ਸਲਾਮ ਲੈਨਾ।

ਤੂੰ ਹੀ ਵਿਚਾਰ ਦੇਵੇਂ, ਦੇਵੇਂ ਉਡਾਨ ਤੂੰ ਹੀ
ਮੈਥੋਂ ਜੋ ਤੂੰ ਲਿਖਾਵੇਂ ਲਿਖ ਮੈਂ ਕਲਾਮ ਲੈਨਾ।

ਅੱਥਰਾ ਬੜਾ ਸਮਾਂ ਹੈ ਕਾਬੂ ਕਦੇ ਨਾ ਆਵੇ
ਇਸ ਤੇ ਸਵਾਰ ਹੋਈਏ ਪਾ ਮੈਂ ਲਗਾਮ ਲੈਨਾ!

## 63

ਕਿਵੇਂ ਯਾਰ ਤੇਰੀ ਜੁਦਾਈ ਸਹਾਰਾਂ
ਮੈਂ ਸੱਸੀ ਦੇ ਵਾਂਗੂੰ ਹੀ ਰਸਤੇ ਨਿਹਾਰਾਂ।

ਕਦੇ ਬਣਕੇ ਸੁਹਣੀ ਮੈਂ ਤਰੀਆਂ ਝਨਾਵਾਂ
ਮਹੀਂਵਾਲ ਬਣਕੇ ਮੈਂ ਤਖਤਾਂ ਵਿਸਾਰਾਂ।

ਮੈਂ ਬਣਕੇ ਚਕੋਰੀ ਕਦੇ ਚੰਦ ਮੇਰੇ
ਤੇਰੇ ਤੀਕ ਪਹੁੰਚਣ ਨੂੰ ਭਰਦਾਂ ਉਡਾਰਾਂ।

ਕਦੇ ਬਣਕੇ ਸਹਿਬਾਂ ਮੈਂ ਮਾਪੇ ਤਿਆਗਾਂ
ਤੇ ਮਿਰਜ਼ੇ ਦੇ ਵਾਂਗੂੰ ਸਦਾ ਜਿੰਦ ਵਾਰਾਂ।

ਕਦੀ ਬਣਕੇ ਰਾਂਝਾ ਮੈਂ ਮੁੰਦਰਾਂ ਨੇ ਪਾਈਆਂ
ਕਦੀ ਹੀਰ ਬਣਕੇ ਮੈਂ ਸਖੀਆਂ ਵਿਸਾਰਾਂ।

ਕਦੇ ਬਣਕੇ ਕੀਮਾਂ ਮੈਂ ਮਲਕੀ ਨੂੰ ਭਾਲਾਂ
ਕਦੇ ਬਣਕੇ ਮਜਨੂੰ ਮੈਂ ਨਹਿਰਾਂ ਉਤਾਰਾਂ।

ਕਦੇ ਬਣਕੇ ਅਰਜਨ ਮੈਂ ਤਵੀਆ ਤੇ ਬੈਠਾਂ
ਕਦੇ ਤੇਗ਼ ਬਣਕੇ ਜਾ ਪਰਖਾਂ ਮੈਂ ਧਾਰਾਂ।

ਕਦੇ ਭਗਤ ਵਾਂਗੂੰ ਮੈਂ ਫਾਂਸੀ ਨੂੰ ਚੁੰਮਾਂ
ਸਰਾਭਾ ਜਾਂ ਬਣਕੇ ਜਾ ਚੁੰਮਾਂ ਮੈਂ ਦਾਰਾਂ।

ਅਜ਼ਾਦੀ ਦੀ ਲਾੜੀ ਲਿਆਂਦੀ ਮੈਂ ਵਰਕੇ
ਸਦਾ ਦੇਸ਼ ਅਪਣੇ ਦੀ ਬਦਲਾਂ ਨੁਹਾਰਾਂ।

ਮੈਂ ਦੱਤਾਂ ਸੁਭਾਸ਼ਾਂ ਦਾ ਹਾਣੀ ਰਿਹਾ ਹਾਂ
ਸਦਾ ਦੇਸ਼ ਅਪਣੇ ਨੂੰ ਮੈਂ ਤੇ ਪਿਆਰਾਂ।

## 64

ਲੋਕ ਸਾਰੇ ਇਹ ਸਦਾ ਸੋਚਦੇ ਹੀ ਰਹਿਣਗੇ
ਵੇਖੀਏ ਕੀ ਇਹ ਸਮੇਂ ਔਣ ਵਾਲੇ ਕਹਿਣਗੇ।

ਮੁਸ਼ਕਲਾਂ ਤੋਂ ਜ਼ਿੰਦਗੀ ਮਾਤ ਖਾਵੇ ਨਾ ਕਦੇ
ਚੰਦ ਤਾਰੇ ਇਸਤਰ੍ਹਾਂ ਚੜ੍ਹਣਗੇ ਤੇ ਲਹਿਣਗੇ।

ਕਾਮਯਾਬੀ ਦੂਰ ਸਾਥੋਂ ਰਹੇ ਗੀ ਜਾਣ ਲੌ
ਧਰਮ ਦੇ ਨਾਂ ਲੋਕ ਜੇ, ਪਾ ਪੁਆੜੇ ਖਹਿਣਗੇ।

ਮਾਨਵਾਂ ਨੂੰ ਮਾਨਵੀ, ਨਾਲ ਨਜ਼ਰਾਂ ਜੇ ਗਹੋ
ਪ੍ਰੇਮ ਧਾਰੇ ਧਰਤ ਤੇ ਹੀ ਸਦਾ ਫਿਰ ਵਹਿਣਗੇ।

ਔਣ ਵਾਲਾ ਹੈ ਸਮਾਂ ਜਦ ਮਿਟਾਕੇ ਫਰਕ ਸਭ
ਲੋਕ ਸਾਰੀ ਧਰਤ ਦੇ ਏਕਤਾ ਕਰ ਬਹਿਣਗੇ।

ਜੰਗ ਦੇ ਤਾਜਰ ਸਭੋ ਖ਼ੁਦ ਲਗਾਈ ਅੱਗ ਵਿਚ
ਆਪ ਹੀ ਉਹ ਲਾਜ਼ਮੀਂ ਦਝਣ ਹੋਕੇ ਰਹਿਣਗੇ।

ਖੌਲਦੇ ਜੋ ਬਾਵਲੇ ਸਾਗਰਾਂ ਦੇ ਵਾਂਗਰਾਂ
ਆਖਰਾਂ ਨੂੰ ਧਰਤ ਤੇ ਝੱਗ ਬਣਕੇ ਲਹਿਣਗੇ।

ਆਦਮੀਂ ਨੇ ਹੌਂਸਲਾ ਜੇ ਕਦੇ ਨਾ ਹਾਰਿਆ
ਫਾਸਲੇ ਤੇ ਔਕੜਾਂ ਪੈਰ ਆ ਕੇ ਢਹਿਣਗੇ।

## 65

ਹੌਸਲੇ ਦੇ ਇਹ ਨਿਸ਼ਾਂ ਤੇ  ਬਾਰ ਬਾਰਮ ਕਹਿਣਗੇ
ਲੋਕ ਡਰਕੇ  ਜ਼ੁਲਮ ਤੋਂ ਨਾ ਦੜਕੇ ਬੈਠੇ ਰਹਿਣਗੇ।

ਆਫਤਾਂ  ਆਵਣ  ਸਦਾ ਹੀ  ਰੂਪ ਵਖਰੇ ਧਾਰਕੇ
ਕਨਸ ਵਰਗੇ ਲੋਕ ਵੀ ਤਾਂ ਤਖਤ ਤੇ ਆ ਬਹਿਣਗੇ

ਰਾਵਣਾਂ ਦੀ  ਲੰਕ  ਸਾਰੀ  ਖਾਕ  ਹੈ ਹੋ ਜਾਵਣੀ
ਜ਼ੁਲਮ ਦੇ ਇਹ ਬੁਰਜ ਸਾਰੇ ਲਾਜ਼ਮੀ ਹੀ ਢਹਿਣਗੇ

ਬਣ ਸਕੰਦਰ ਧਰਤ ਤੇ ਆ ਰਾਜ ਕੀਤਾ ਜ਼ੁਲਮ ਨੇ
ਲੋਕ ਸਾਰੇ ਜਾਗਦੇ ਨੇ  ਜ਼ੁਲਮ ਨਾ ਹੁਣ ਸਹਿਣਗੇ।

ਪਰ  ਬਿਨਾ  ਏਕੇ ਕਦੀ ਨਾ  ਪਾਰ ਹੋਣਾ  ਦੋਸਤੋ
ਏਕਤਾ ਦੀ ਦਾਤ ਬਿਨ  ਸੁਪਨੇ ਅਧੂਰੇ ਰਹਿਣਗੇ।

## 66

ਕਦੇ ਆਕੇ ਵੇਖੀਂ ਕਿਵੇਂ ਯਾਰ ਮੇਰੇ
ਸਦਾ ਬੋਲ ਮੇਰੇ ਪਿਆਸੇ ਨੇ ਸਾਰੇ।
ਘਰੇ ਚੈਨ ਮੈਨੂੰ ਨਾ ਆਰਾਮ ਬਾਹਰ
ਤੇਰੇ ਬਿਨ ਇਹ ਪਲਪਲ ਉਦਾਸੇ ਨੇ ਸਾਰੇ

ਤੇਰੀ ਦੀਦ ਬਦਲੇ ਮੈਂ ਤੜਪਾਂ ਮੈਂ ਭਾਲਾਂ
ਇਹ ਜੰਗਲ ਤੇ ਬੇਲੇ ਇਹ ਜੂਹਾਂ ਉਜਾੜਾਂ
ਇਹ ਆਹਾਂ ਤੇ ਹੌਕੇ ਹੀ ਪੱਲੇ ਨੇ ਮੇਰੇ
ਕਦੋਂ ਦੇ ਗੁਆਚੇ ਉਹ ਹਾਸੇ ਨੇ ਸਾਰੇ।

ਫਿਰਾਂ ਭਟਕਦਾ ਮੈਂ ਗੁਆਚੀ ਹੈ ਮੰਜ਼ਲ
ਮੈਂ ਰਾਹੀ ਥਲਾਂਦਾ ਉਜਾੜਾਂ ਦਾ ਬਣਿਆ
ਹਾਂ ਮਜਬੂਰ ਹੋਇਆ ਗੁਆਚੇ ਨੇ ਸੁਪਨੇ
ਗ਼ਮਾਂ ਦੇ ਚੁਫੇਰੇ ਚੁਮਾਸੇ ਨੇ ਸਾਰੇ।

ਕਿਵੇਂ ਪੈੜ ਤੇਰੀ ਨੂੰ ਭਾਲਾਂ ਮੈਂ ਯਾਰਾ
ਗੁਆਚੀ ਥਲਾਂ ਤੇ ਉਜਾੜਾਂ ਦੇ ਅੰਦਰ
ਬੜੇ ਯਾਦ ਆਉਂਦੇ ਨੇ ਪਲ ਉਹ ਗੁਜ਼ਾਰੇ
ਤੇਰੇ ਸਾਥ ਬਾਝੋਂ ਹਿਰਾਸੇ ਨੇ ਸਾਰੇ।

ਪਛਾਣਾ ਮੈਂ ਤੈਨੂੰ ਹੀ ਅਪਣਾ ਮਸੀਹਾ
ਰਹੇ ਨਾ ਖ਼ੁਦਾ ਦੀ ਖ਼ੁਦਾਈ ਵੀ ਚੇਤੇ
ਇਹ ਚਾਨਣ ਸਵੇਰੇ ਤੇ ਮਹਿਕਾਂ ਬਹਾਰਾਂ
ਇਹ ਤੇਰੇ ਹੀ ਜਲਵੇ ਤੇ ਪਾਸੇ ਨੇ ਸਾਰੇ।

ਇਹ ਸਾਗਰ ਦਿਲਾਂ ਦੇ ਨੇ ਕਿੰਨੇ ਕੁ ਡੂੰਘੇ
ਕਦੇ ਹਾਥ ਇਸ ਦੀ ਕਿਸੇ ਨੇ ਨਾ ਪਾਈ
ਕਦੇ ਨਕਸ਼ ਉਕਰੇ ਮਿਟਾਏ ਨਾ ਜਾਂਦੇ
ਮੁਹੱਬਤ ਦੇ ਐਸੇ ਇਹ ਖ਼ਾਸੇ ਨੇ ਸਾਰੇ।

ਹਨੇਰਾ ਜੁਦਾਈ ਦਾ ਛਟਕੇ ਰਹੇਗਾ
ਹੈ ਸਾਹਸ ਤੇ ਹਿੰਮਤ ਸਦਾ ਸਾਥ ਮੇਰੇ
ਬਹਾਰਾਂ ਨੇ ਮੁੜਕੇ ਵੀ ਫੇਰਾ ਹੈ ਪਾਣਾ
ਤੇ ਵਸਲਾਂ ਦੇ ਪਲ ਜੋ ਕਿਆਸੇ ਨੇ ਸਾਰੇ।

## 67

ਉਹ ਨਜ਼ਰਾਂ ਚੁਰਾਕੇ ਜ਼ਰਾ ਮੁਸਕਰਾਵੇ
ਕਦੇ ਪਾਸ ਆਵੇ ਕਦੇ ਦੂਰ ਜਾਵੇ।

ਹੈ ਕੈਸੀ ਅਦਾ ਜੋ ਸਤਾਵੇ ਵਰਾਵੇ
ਕਰੇ ਜੋ ਵੀ ਉਸ ਦੇ ਹੀ ਦਿਲ ਨੂੰ ਹੈ ਭਾਵੇ।

ਜਦੋਂ ਪਾਸ ਆਵੇ ਤਾਂ ਕਲੀਆਂ ਵੀ ਚਟਖਣ
ਜਦੋਂ ਦੂਰ ਜਾਵੇ ਤਾਂ ਦਿਲ ਸਟਪਟਾਵੇ।

ਕਦੇ ਆਣ ਜੋੜੇ ਉਹ ਉਖੜੀ ਵੀ ਬਿਰਤੀ
ਕਦੇ ਸੋਚ ਮੇਰੀ ਨੂੰ ਪਰ ਆਣ ਲਾਵੇ।

ਕਦੇ ਰੋਕ ਦੇਵੇ ਉਹ ਹਰਕਤ ਵੀ ਦਿਲ ਦੀ
ਕਦੇ ਦਿਲ ਦੀ ਧੜਕਣ ਨੂੰ ਫਿਰ ਆ ਵਧਾਵੇ।

ਹੈ ਬਰਕਤ ਵੀ ਉਸਦੀ ਤੇ ਰਹਿਮਤ ਵੀ ਉਸਦੀ
ਚਲਾ ਦੂਰ ਜਾਵੇ ਜਾਂ ਨੇੜੇ ਉਹ ਆਵੇ।

ਹੈ ਕਾਸਾ ਇਹ ਦਿਲ ਦਾ ਤੇ ਭਰਪੂਰ ਮੇਰਾ
ਉਠਾਵੇ ਗਿਰਾਵੇ ਜਾਂ ਗਲ ਨੂੰ ਉਹ ਲਾਵੇ।

## 68

ਦਿਲ ਤੇ ਦਿਮਾਗ ਵਿੱਚੋਂ ਉਜੜੇ ਨੇ ਖ਼ਾਬ ਯਾਰਾ
ਗਾਵੇ ਨਾ ਗੀਤ ਕੋਈ ਦਿਲ ਦੀ ਰਬਾਬ ਯਾਰਾ।

ਛੋਹਾਂ ਤੋਂ ਹੋ ਕੇ ਹੀਣੇ  ਅਹਿਸਾਸ ਠਰ ਗਏ ਨੇ
ਤੇਰੇ ਸਪਰਸ਼ ਖਿੜਦਾ ਦਿਲਦਾ ਗੁਲਾਬ ਯਾਰਾ।

ਪਰਦੇ 'ਚ ਬੈਠੇਂ ਛੁਪਕੇ  ਜ਼ਾਹਰ ਨਾ ਹੋਣ ਦੇਵੇਂ
ਜਲਵਾ ਛੁਪਾਕੇ ਰੱਖੇ ਤੇਰਾ ਨਕਾਬ ਯਾਰਾ।

ਨੈਣਾਂ ਚੋਂ ਨੀਰ ਵਗਦਾ ਤੇਰੇ ਵਿਯੋਗ ਅੰਦਰ
ਵੇਖੇਂ ਕਦੇ ਨਾ ਆਕੇ  ਵਗਦਾ ਦੁਆਬ ਯਾਰਾ।

ਦਿਲ ਢੂੰਡਦਾ ਦਿਵਾਨਾ ਮਹਿਰਮ ਨੂੰ ਹਰ ਸਮੇਂਹੀ
ਜਲਵਾ ਵਖਾਕੇ ਕਰਦੇ ਦਿਲ ਨੂੰ ਸ਼ਾਦਾਬ ਯਾਰਾ।

ਹਮਦਰਦੀਆਂ ਨਾ ਭਾਲਾਂ  ਲੋੜਾਂ ਮੈਂ ਸਾਥ ਤੇਰਾ
ਆ ਜਾ ਤੂੰ ਮੁਸਕਰਾਕੇ ਖਟ ਲੈ ਸਵਾਬ ਯਾਰਾ।

ਛਡ ਦੇ ਤੂੰ ਬੇਰੁਖੀ ਨੂੰ  ਰੁਖਸਤ ਦਾ ਵਕਤ ਨੇੜੇ
ਸਾਂਝਾਂ ਦਾ ਆਕੇ ਕਰਦੇ ਕੁਛ ਤੇ ਹਿਸਾਬ ਯਾਰਾ

## 69

ਮਹਿਕੀ ਹਵਾ 'ਚ ਸਾਰੇ
ਖ਼ੁਸ਼ਬੂ ਤੇਰੀ ਹਿਨਾ ਦੀ
ਹਸਰਤ ਜਗਾ ਹੈ ਜਾਂਦੀ
ਵਾਯੂ ਜਿਵੇਂ ਸਬਾ ਦੀ।

ਕਲੀਆਂ ਜੋ ਸਭ ਖਿਲਾਕੇ
ਅਠਕੇਲੀਆਂ ਹੈ ਕਰਦੀ
ਮੋਹੇ ਹੈ ਯਾਰ ਮੈਨੂੰ
ਇਹ ਸਾਦਗੀ ਅਦਾ ਦੀ।

ਮਨ ਵਿਚ ਜਗਾ ਤਰਾਨੇ
ਮਦਹੋਸ਼ ਕਰਦੀ ਜਾਵੇ
ਡੱਸੇ ਤੇ ਆਪ ਦੇਵੇ
ਤਰਯਾਕ ਇਹ ਦਵਾ ਦੀ

ਨਾਭੀ 'ਚ ਲੈ ਕੇ ਖ਼ੁਸ਼ਬੂ
ਹੁੰਦੀ ਹੈ ਮਸਤ ਹਰਨੀ
ਮਸਤੀ ਹੈ ਫੇਰ ਛਾਂਦੀ
ਉਸ ਤੇ ਜਿਵੇਂ ਬਲਾ ਦੀ।

ਭੌਰੇ ਨੂੰ ਜਿਵ ਬੁਲਾਵੇ
ਮਹਿਕਾਂ ਦਾ ਇਹ ਸੁਨੇਹਾਂ
ਜਾਦੂ-ਗਰੀ ਹੈ ਯਾਰਾ
ਤੇਰੀ ਤੇ ਇਹ ਕਲਾ ਦੀ।

## 70

ਸਦਾ ਯਾਦ ਤੈਨੂੰ ਮੈਂ ਕਰਦਾ ਰਹਾਂਗਾ
ਜੋ ਇਕਰਾਰ ਕੀਤੇ ਉਹ ਵਰਦਾ ਰਹਾਂਗਾ।

ਭੁਲਾ ਨਾ ਸਕੇਂ ਗਾ ਕਦੇ ਯਾਰ ਮੈਨੂੰ
ਮੈਂ ਹਰ ਸੋਚ ਤੇਰੀ ਵਿਚਰਦਾ ਰਹਾਂਗਾ।

ਇਹ ਚਾਨਣ ਹਨੇਰੇ ਤਾਂ ਲੜਦੇ ਹੀ ਰਹਿਣੇ
ਮੈਂ ਬਣਕੇ ਹੀ ਸੂਰਜ ਉਤਰਦਾ ਰਹਾਂਗਾ।

ਨਾ ਹੋੜੇ ਹੁੜਾਂ ਗਾ ਕਦੇ ਸਚ ਦੀ ਰਾਹੋਂ
ਮੈਂ ਝੂਠੇ ਨੂੰ ਝੂਠਾ ਉਚਰਦਾ ਰਹਾਂਗਾ।

ਨ ਪਸਰੀ ਮੈਂ ਕਾਲਖ ਤੋਂ ਡਰਿਆ ਕਦੇ ਵੀ
ਸਦਾ ਰੌਸ਼ਨੀ ਬਣ ਨਿਖਰਦਾ ਰਹਾਂਗਾ।

ਇਹ ਡੁਬਦਾ ਵੀ ਸੂਰਜ ਰਹੇ ਦੇਂਦਾ ਲਾਲੀ
ਮੈਂ ਉਸ ਦੇ ਹੀ ਵਾਂਗੂੰ ਉਭਰਦਾ ਰਹਾਂਗਾ।

ਜੋ ਖੇੜੇ ਤੇ ਖ਼ੁਸ਼ੀਆਂ ਲਿਆਂਦੇ ਰਹਿਣਗੇ
ਮੈਂ ਦਮ ਐਸੇ ਰਾਹਾਂ ਦਾ ਭਰਦਾ ਰਹਾਂਗਾ।

ਇਹ ਕਿਰਤੀ ਤੇ ਕਾਮੇਂ ਸਜੌਂਦੇ ਨੇ ਦੁਨੀਆਂ
ਮੈਂ ਜ਼ੁਲਮਾਂ ਦੇ ਸੌਂਹੇ ਉਸਰਦਾ ਰਹਾਂਗਾ।

ਚਲੀ ਜਾਨ ਜਾਵੇ ਭਲੇ ਯਾਰ ਮੇਰੀ
ਸਦਾ ਸੀਸ ਤਲੀਆਂ ਤੇ ਧਰਦਾ ਰਹਾਂਗਾ।

## 71

ਨਾਮ  ਲਬ  ਤੇ ਜਦੋਂ ਯਾਰ ਤੇਰਾ ਰਿਹਾ
ਆਕੇ  ਬੈਠਾ  ਬਰੂਹੀਂ  ਸਵੇਰਾ  ਰਿਹਾ।

ਰਸਤੇ  ਰੌਸ਼ਨ  ਸਦਾ  ਆਪ ਹੁੰਦੇ  ਗਏ
ਜਗਮਗੌਂਦਾ  ਹੀ ਮੇਰਾ  ਚੁਫੇਰਾ  ਰਿਹਾ।

ਦੀਪ ਖ਼ੁਸ਼ੀਆਂ ਦੇ ਰਾਹੀਂ ਸੀ ਬਲਦੇ ਰਹੇ
ਪੰਧ ਆਪੇ  ਹੀ ਹੁੰਦਾ  ਸੁਖੇਰਾ  ਰਿਹਾ।

ਆਸ ਮੇਰੀ  ਸਦਾ ਹੀ ਤੇ  ਪੁਗਦੀ ਰਹੀ
ਸਾਥ  ਰਸਤੇ  ਉਖੇਰੇ ਵੀ  ਤੇਰਾ ਰਿਹਾ।

ਲੱਖ ਕੰਧਾਂ ਤੇ ਵਲਗਣ ਬਣਾਏ ਗਏ
ਕੱਦ ਇਸ਼ਕੇ  ਦਾ ਉਸਤੋਂ ਉਚੇਰਾ ਰਿਹਾ।

ਮੁਸ਼ਕਲਾਂ ਔਕੜਾਂ ਜੋ ਵੀ ਆਈਆਂ ਕਦੇ
ਹੌਸਲਾ  ਸੰਗ ਮੇਰੇ  ਘਨੇਰਾ ਰਿਹਾ।

## 72

ਦਹਿਸ਼ਤਾਂ ਦੇ ਇਹ ਵਪਾਰੀ ਗੁਲ ਖਿਲਾਉਂਦੇ ਰਹਿਣਗੇ
ਬੇਨਜ਼ੀਰਾਂ ਮਾਰਦੇ ਤੇ ਤਾਜ ਢਾਉਂਦੇ ਰਹਿਣਗੇ।

ਰੂਪ ਧਾਰੇ ਨੇ ਸਦਾ ਇਸ ਆਕੇ ਵੱਖੋ ਵੱਖਰੇ
ਬਣਕੇ ਬਾਬਰ ਤੇ ਕਦੇ ਬੁਸ਼ ਜ਼ੁਲਮ ਢੌਂਦੇ ਰਹਿਣਗੇ।

ਜੋ ਦਿਲਾਂ ਵਿਚ ਵੱਸਦਾ ਪਹਿਚਾਣਦੇ ਨਾ ਓਸ ਨੂੰ
ਇਹ ਕਦੇ ਮੰਦਰ ਕਦੇ ਮਸਜਿਦ ਗਿਰੌਂਦੇ ਰਹਿਣਗੇ।

ਹਨ ਕਰੋੜਾਂ ਲੋਕ ਹੀ ਧਰਮਾਂ ਦੇ ਨਾਂ ਮਾਰੇ ਗਏ
ਓਟ ਲੈਕੇ ਧਰਮ ਦੀ ਇਹ ਅਤ ਮਚੌਂਦੇ ਰਹਿਣਗੇ।

ਅਮਨ ਦੇ ਜੋ ਪਾਸਬਾਂ ਸੀ ਬੁੱਧ ਵਰਗੇ ਹੋ ਗਏ
ਬੁੱਤ ਉਸਦੇ ਵੀ ਸਦਾ ਸਨਕੀ ਗਿਰੌਂਦੇ ਰਹਿਣਗੇ।

ਵੰਡ ਹਰ ਥਾਂ ਰੰਗ ਨਸਲਾਂ ਮਜ਼ਹਬਾਂ ਦੀ ਜੇ ਰਹੀ
ਦਹਿਸ਼ਤਾਂ ਦੀ ਮਾਰ ਥੱਲੇ ਲੋਕ ਆਉਂਦੇ ਰਹਿਣਗੇ

ਰਾਜ ਅਮਨਾਂ ਦਾ ਤਦੇ ਹੀ ਧਰਤ ਤੇ ਹੈ ਆਵਣਾ
ਲੋਕ ਰਲਕੇ ਦਹਿਸ਼ਤੀਂ ਜੇ ਨੱਥ ਪਾਉਂਦੇ ਰਹਿਣਗੇ

## 73

ਰਾਤ ਦਿਨ ਹੀ ਸੁਤਾ ਤੇ ਬਸੇਰਾ ਰਿਹਾ
ਨਾਮ ਲਬ ਤੇ ਸਦਾ ਯਾਰ ਤੇਰਾ ਰਿਹਾ।

ਜਦ ਕਦੇ ਵੀ ਕਸੂਤੀ ਅੜੌਣੀ ਬਣੀ
ਅਕਸ ਤੇਰਾ ਮੇਰਾ ਰਾਹ ਦਸੇਰਾ ਰਿਹਾ।

ਜਦ ਅਵੇਰੇ ਸਵੇਰੇ ਨਹੱਕੇ ਮਰੇ
ਨਾਲ ਆਹਾਂ ਦੇ ਭਰਿਆ ਚੁਫੇਰਾ ਰਿਹਾ।

ਸਾਰ ਲੋਕਾਂ ਦੇ ਦਰਦਾਂ ਦੀ ਲੈਂਦਾ ਨਾ ਕੋ
ਘਰ ਉਨ੍ਹਾਂਦੇ ਤੇ ਗ਼ਮ ਦਾ ਬਸੇਰਾ ਰਿਹਾ।

ਬਾਤ ਕਰਦਾ ਸੀ ਇਨਸਾਫ ਦੇਣੇ ਦੀ ਜੋ
ਉਹਵੀ ਹੱਕਾਂਦਾ ਬਨਿਆ ਲੁਟੇਰਾ ਰਿਹਾ।

ਤਰਕ ਕਰਨੀ ਪਵੇਗੀ ਮੁਹੱਬਤ ਵੀ ਹੁਣ
ਜ਼ੁਲਮ ਸਹਿੰਦਾ ਮੇਰਾ ਤੇ ਚੁਫੇਰਾ ਰਿਹਾ।

ਇਸ਼ਕ ਬਣਦਾ ਨਾ ਲੋਕਾਂਦਾ ਦਰਦੀ ਜਦੋਂ
ਦੂਰ ਜੀਵਣ ਤੋਂ ਰੌਸ਼ਨ ਸਵੇਰਾ ਰਿਹਾ।

## 74

ਤੇਰਾ ਮੈਂ ਨਾਮ ਯਾਰਾ ਅਪਣੀ ਜ਼ੁਬਾਂ ਤੇ ਧਰਦਾਂ
ਬਾਰਮ ਮੈਂ ਬਾਰ ਸੁਹਣੇ ਤੇਰਾ ਹੀ ਵਿਰਦ ਕਰਦਾਂ।

ਸੁਪਨੇ ਨੇ ਰਾਤ ਸਾਰੀ ਤੇਰੇ ਮਿਲਣ ਦੇ ਆਉਂਦੇ
ਬੱਤੀ ਬੁਝਾਕੇ ਸੌਣ ਦੀ ਕੋਸ਼ਿਸ਼ ਜਦੋਂ ਮੈਂ ਕਰਦਾਂ।

ਆਸ਼ਕ ਉਹ ਨੂਰ ਦਾ ਸੀ ਹੋਕੇ ਨਿਹਾਲ ਡਿੱਗਾ
ਮੂਸਾ ਦੇ ਵਾਂਗ ਮੈਂ ਵੀ ਆਸ਼ਕ ਤਿਰੇ ਹੀ ਦਰ ਦਾਂ।

ਵਗਦੇ ਤੁਫਾਨ ਰਹਿਣੇ ਡਰਦਾਂ ਨਾ ਇਸ ਤੋਂ ਮੂਲੇ
ਪਰਬਤ ਦਾ ਵਹਿਣ ਮੈਂ ਹਾਂ ਪੱਥਰ ਵੀ ਰੇਤ ਕਰਦਾਂ।

ਦੀਪਾਂ ਦੀ ਪਾਲ ਵਾਂਗੂੰ ਮੇਰੇ ਨੇ ਗੀਤ ਗ਼ਜ਼ਲਾਂ
ਅਪਣੇ ਲਹੂ ਦੀ ਗਰਮੀਂ ਇਹਨਾਂ 'ਚ ਰੋਜ਼ ਭਰਦਾਂ।

ਨੀਹਾਂ 'ਚ ਜੋ ਚੁਣੇ ਸੀ ਅਸਮਤ ਮਹਾਨ ਵਾਲੇ
ਚੇਤੇ ਕਰਾ ਕਰਾ ਕੇ ਮਰਨੇ ਦਾ ਖ਼ੌਫ ਹਰਦਾਂ।

## 75

ਮੇਰੇ ਦਿਲੇ ਦੀ ਹਰ ਤਹਿ
ਮੂਰਤ ਤੇਰੀ ਸਮਾਈ
ਝੱਲਾਂ ਕਿਵੇਂ ਮੈਂ ਸੁਹਣੇ
ਦੱਸੀਂ ਤੇਰੀ ਜੁਦਾਈ।

ਸੁਰਤਾਂ ਨੇ ਸਭ ਗਵਾਈਆਂ
ਭੁੱਲੇ ਨੇ ਰੰਗ ਤਮਾਸ਼ੇ
ਚਿਹਰੇ ਮੇਰੇ ਤੇ ਰਹਿੰਦੀ
ਉਡਦੀ ਸਦਾ ਹਵਾਈ।

ਨਖ਼ਰਾ ਹੈ ਮਸਤ ਕਰਦਾ
ਮੋਹੇ ਅਦਾ ਵੀ ਤੇਰੀ
ਉਂਗਲਾਂ ਤੇ ਸਾਰੀ ਦੁਨੀਆਂ
ਫਿਰਦਾ ਹੈਂ ਤੂੰ ਨਚਾਈ।

ਤੇਰੇ 'ਚ ਯਾਰ ਜਾਪੇ
ਉਸ ਦਾ ਹੀ ਰੂਪ ਵਸਦਾ
ਵੇਖੇ ਤੇ ਹਰ ਕੋ ਆਖੇ
ਵਾਹ ਵਾਹ ਤੇਰੀ ਖ਼ੁਦਾਈ।

ਖ਼ੁਸ਼ੀਆਂ ਦੀ ਭੇਰ ਵੱਜੇ
ਆਵੇ ਜਾਂ ਯਾਰ ਮੇਰਾ
ਕੰਨਾਂ 'ਚ ਫੇਰ ਜਾਪੇ
ਵਜਦੀ ਜਿਵੇਂ ਸ਼ਹਨਾਈ।

## 76

ਇੱਕੋ ਹੈ ਵਾਰ ਜੀਣਾ ਇਸ ਨੂੰ ਸਵਾਰ ਯਾਰਾ
ਭਟਕਣ ਮਿਟਾਕੇ ਬਹਿ ਜਾ ਉਸਦੇ ਦਵਾਰ ਯਾਰਾ।

ਧਰਮਾਂ ਦਾ ਕੰਮ ਨਾਹੀਂ ਬੰਦੇ 'ਚ ਪਾੜ ਪਾਉਣਾ
ਇੱਕੋ ਹੈ ਇਸ਼ਟ ਸਭ ਦਾ ਇਸ ਨੂੰ ਵਿਚਾਰ ਯਾਰਾ।

ਐਂਵੇਂ ਕਰੋਧ ਕਰਦੈਂ ਦੂਜੇ ਦੀ ਵੇਖ ਗ਼ਲਤੀ
ਅਪਣੇ ਗੁਨਾਹ ਦਾ ਬਹਿਕੇ ਕਰ ਤੂੰ ਸ਼ੁਮਾਰ ਯਾਰਾ।

ਗੁਜ਼ਰੇ ਇਹ ਪਲ ਜੋ ਤੇਰੇ ਮੁੜਕੇ ਨਾ ਫੇਰ ਆਉਣੇ
ਲੇਖੇ ਲਗਾ ਕਿਸੇ ਤੂੰ ਜੀਵਣ ਗੁਜ਼ਾਰ ਯਾਰਾ।

ਘੜੀਆਂ ਪਿਆਰ ਕਰਕੇ ਜੋ ਵੀ ਗੁਜ਼ਾਰ ਹੋਈਆਂ
ਜੀਵਣ 'ਚ ਉਹ ਹੀ ਤੇਰੇ ਸਮਝੀਂ ਸ਼ੁਮਾਰ ਯਾਰਾ।

ਅੱਲਾ ਤੇ ਰਾਮ ਓਹੀ ਸਤਿਗੁਰ ਵੀ ਜਾਣ ਓਹੀ
ਦੁਨੀਆਂ ਤੇ ਨਾਮ ਉਸਦੇ ਚਾਹੇ ਹਜ਼ਾਰ ਯਾਰਾ।

ਸਾਗਰ ਚੋਂ ਉਹ ਹੀ ਕਿਸ਼ਤੀ ਮਾਂਝੀ ਦੀ ਪਾਰ ਹੋਣੀ
ਲਹਿਰਾਂ ਤੇ ਹੋਕੇ ਜਾਂਦੀ ਜੋ ਹੈ ਸਵਾਰ ਯਾਰਾ।

## 77

ਮਾਂ ਬਾਪ  ਤੇ ਪਿਆਰੇ  ਪੁੱਤਰ ਵੀ  ਚਾਰ ਵਾਰੇ
ਐਸੇ ਮਹਾਨ  ਗੁਰ ਤੋਂ  ਜਾਵਾਂ ਸੈ  ਵਾਰ ਵਾਰੇ।

ਗੋਬਿੰਦ ਹੈ  ਨਾਮ ਉਸ ਦਾ  ਜਾਣੇ ਜਹਾਨ ਸਾਰਾ
ਬੰਦੇ ਜਹੇ  ਉਭਾਰੇ  ਜ਼ੁਲਮੀਂ ਸੀ  ਜਿਨ ਵੰਗਾਰੇ।

ਸਤਿਨਾਮ  ਨੂੰ ਹੀ ਸਿਮਰੇ  ਪੂਜੇ ਅਕਾਲ ਮੂਰਤ
ਨਾਨਕ ਦੀ ਆਕੇ ਗੱਦੀ ਬੈਠਾਸੀ ਉਹ ਪਿਆਰੇ।

ਅੱਲਾ ਧਿਔਣ ਵਾਲੇ  ਚਿਤਵਨ ਜੋ ਰਾਮ ਅਪਣਾ
ਢੁਕਦੇ ਸੀ ਆਣ ਸਾਰੇ ਉਸਦੇ ਹੀ ਆ ਦੁਆਰੇ।

ਸਦੀਆਂ ਦੇ ਤੌਂਕ ਉਸਨੇ  ਲਾਹੇ ਗੁਲਾਮ ਹਿੰਦ ਦੇ
ਉਸ ਨੂੰ ਕਰਾਂ ਮੈਂ ਭੇਟਾ  ਸ਼ਰਧਾ ਦੇ ਫੁੱਲ ਸਾਰੇ।

ਖੰਡੇ ਸਜਾਕੇ ਬਾਟੇ  ਐਸੇ ਸੀ ਓਸ ਵਰਤੇ
ਤੂਫਾਨ ਚੋਂ  ਵੀ ਬੇੜੀ  ਲਾਈ ਸੀ ਆ ਕਿਨਾਰੇ।

ਜ਼ੋਰਾ ਅਜੀਤ ਦੋਵੇਂ ਬਣ ਕੇ ਮਿਸਾਲ ਤੁਰਗੇ
ਬਣਕੇ ਜੁਝਾਰ ਲਾਇਆ ਡੰਕਾ ਫਤਿਹ ਦਾ ਸਾਰੇ।

ਮਸਤਕ ਮੈਂ ਆ ਨਿਵਾਯਾ ਉਹਨਾਂਦੀ ਯਾਦ ਅੰਦਰ
ਬੀਰਾਂ  ਦੀ ਯਾਦ  ਲੈ ਕੇ  ਬੈਠੈ ਹਾਂ  ਗੁਰਦਵਾਰੇ।

## 78

ਲਿਖਦਾਂ ਕਦੇ ਕਦੇ ਮੈਂ ਹਾਲੀ ਵੀ ਉਸ ਨੂੰ ਪਾਤੀ
ਮਾਰੇ ਨਾ ਭੁਲ ਭੁਲਾ ਵੀ ਉਸ ਤੇ ਕਦੇ ਉਹ ਝਾਤੀ।

ਕੋਲੋਂ ਦੀ ਗੁਜ਼ਰ ਜਾਵੇ ਮੂੰਹ ਫੇਰਕੇ ਜਦੋਂ ਉਹ
ਜਾਂਦਾ ਹੈ ਫੇਰ ਦਿਲ ਤੇ ਡਾਢੀ ਅਜੀਬ ਕਾਤੀ।

ਐਡੀ ਮੈਂ ਕੀ ਖੁਨਾਮੀਂ ਕੀਤੀ ਹੈ ਯਾਰ ਦੱਸੀਂ
ਬੀਤੇਗੀ ਇੰਜ ਮੇਰੀ ਸਾਰੀ ਹੀ ਕੀ ਹਯਾਤੀ।

ਤਾਣੇ ਤਣੇ ਬਥੇਰੇ ਪਰ ਨਾ ਰਿਝਾਨ ਹੋਇਆ
ਝਲਣੇ ਮੁਹਾਲ ਹੋਏ ਬਿਰਹਾ ਦੇ ਜ਼ਖ਼ਮ ਛਾਤੀ।

ਅਮਨਾ ਅਮਾਨ ਜਾਪੇ ਦੁਨੀਆਂ ਤੇ ਚਾਰ ਦਿਨ ਹੀ
ਦੇਂਦਾ ਹੈ ਬਾਲ ਕੋਈ ਨਫਰਤ ਦੀ ਫਿਰ ਚੁਆਤੀ।

ਸੌਖਾ ਹੈ ਆਖ ਦੇਣਾ ਮਾਨਵ ਦੀ ਜੂਨ ਇੱਕੋ
ਪਾੜੇ ਨੇ ਪਾਏ ਧਰਮਾਂ ਮਾਨਵ ਦੀ ਏਸ ਜ਼ਾਤੀ।

ਕਿਸ ਬਿਧ ਵਿਸਾਰ ਦੇਵਾਂ ਅਪਣਾ ਮੈਂ ਯਾਰ ਬੇਲੀ
ਬੀਤੇਗੀ ਉਸ ਬਿਨਾ ਕਿਵ ਸੰਧੂ ਮੇਰੀ ਹਯਾਤੀ।

## 79

ਪੱਲੇ 'ਚ ਪਾ ਉਦਾਸੀ ਮੈਥੋਂ ਤੂੰ ਦੂਰ ਹੋਇਆ
ਐਨਾ ਤਾਂ ਦੱਸ ਜਾਨੋਂ ਕੀ ਹੈ ਕਸੂਰ ਹੋਇਆ।

ਰੁੱਸੇ ਤੁਸੀਂ ਜਦੋਂ ਦੇ ਮਿਨਤਾਂ ਹਜ਼ਾਰ ਕਰੀਆਂ
ਫਿਰਵੀ ਮਨਾ ਨਾ ਮੈਥੋਂ ਪਰ ਹੈ ਹਜ਼ੂਰ ਹੋਇਆ।

ਗੁੱਸੇ ਗਿਲੇ ਤੇ ਸ਼ਿਕਵੇ ਹੋਂਦੇ ਪਿਆਰ ਵਿਚ ਵੀ
ਸ਼ਿਕਵੇ ਦੀ ਥਾਂ ਤੇ ਤੈਨੂੰ ਜਾਪੇ ਗ਼ਰੂਰ ਹੋਇਆ।

ਪੁੱਛਾਂ ਤੇ ਕੁਛ ਨਾ ਬੋਲੇਂ ਦੱਸੇਂ ਨਾ ਬਾਤ ਕੋਈ
ਤੋੜੇ ਜੋ ਆਣ ਰਿਸ਼ਤੇ ਕੁਛ ਤੇ ਜ਼ਰੂਰ ਹੋਇਆ।

ਜੀਵਣ ਦੀ ਸ਼ਾਮ ਵੇਲੇ ਮੁਸ਼ਕਲ ਅਰਾਮ ਆਵੇ
ਤੜਪੇ ਤੇ ਫੜਫੜਾਵੇ ਦਿਲ ਜੋ ਵਲੂਰ ਹੋਇਆ।

ਮੂਸਾ ਦੇ ਵਾਂਗ ਮੈਂ ਵੀ ਤੇਰਾ ਜਲੌਂ ਹੀ ਭਾਲਾਂ
ਅੱਖਾਂਦਾ ਨੂਰ ਖੋਇਆ ਤੇਰਾ ਨਾ ਨੂਰ ਹੋਇਆ।

ਭਾਲੇ ਤੇਰੀ ਛਵੀ ਨੂੰ ਢੂੰਡੇ ਹਰੇਕ ਥਾਂ ਤੇ
ਦਿਲਸੀ ਨਦਾਨ ਹਰਗਿਜ਼ ਮੈਥੋਂ ਨ ਘੂਰ ਹੋਇਆ

ਵਿਲਕੇ ਤੇ ਛਟਪਟਾਵੇ ਵੇਲਾ ਨਾ ਫੇਰ ਆਵੇ
ਆਸਾਂ ਦਾ ਬੂਰ ਸੰਧੂ ਸੜਕੇ ਮਨੂਰ ਹੋਇਆ।

## 80

ਮਾਰੇ ਨੇ ਲੋਕ ਲੱਖਾਂ ਘਰ ਬਾਰ ਚੂਰ ਹੋਇਆ
ਇਸਦਾ ਹਿਸਾਬ ਕਰਨਾ ਮੁਸ਼ਕਿਲ ਹਜ਼ੂਰ ਹੋਇਆ

ਕੁਦਰਤ ਦੀ ਆ ਕਰੋਪੀ ਇਤਨਾ ਹੈ ਘਾਣ ਕੀਤਾ
ਜਾਪੇ ਖ਼ੁਦਾ ਤੋਂ ਬੰਦਾ ਕੋਹਾਂ ਹੀ ਦੂਰ ਹੋਇਆ।

ਲੱਖਾਂ ਹੀ ਦੇ ਜੁਦਾਈ ਤੁਰਗੇ ਅਨੇਕ ਬੰਦੇ
ਘਾਟਾ ਜੋ ਪੈ ਗਿਆਹੈ ਕਿਸਤੋਂ ਨਾ ਪੂਰ ਹੋਇਆ

ਆਇਆ ਭੁਚਾਲ ਕਹਿਰੀ ਮਾਰੇ ਅਭੋਲ ਲੋਕੀਂ
ਜੀਵਨ ਉਨ੍ਹਾਂ ਦਾ ਜਾਪੇ ਅਸਲੋਂ ਬੇਨੂਰ ਹੋਇਆ।

ਬਚਿਆਂ ਨੂੰ ਰੋਣ ਮਾਪੇ , ਰੋਂਦੇ ਅਨਾਥ ਬੱਚੇ
ਸਿਰ ਨੂੰ ਲੁਕਾਣ ਜੋਗਾ ਖੋਲਾ ਵੀ ਚੂਰ ਹੋਇਆ।

ਧਰਤੀ ਵੀ ਪਾਟ ਚੱਲੀ ਰੋਂਦੇ ਨੇ ਲੋਕ ਬਹਿ ਕੇ
ਜਾਣੇ ਗ਼ਰੀਬ ਕੋਲੋਂ ਕੀ ਹੈ ਕਸੂਰ ਹੋਇਆ।

ਕਪੜੇ ਅਨਾਜ ਰੋਟੀ ਪਾਣੀ ਨਸੀਬ ਨਾਹੀਂ
ਰਲਕੇ ਘਟਾ ਹਾਂ ਸਕਦੇ ਕਹਿਰੀ ਫਤੂਰ ਹੋਇਆ

ਬੰਦੇ ਦਾ ਦਾਰੂ ਬੰਦਾ ਰਲ ਹੋਣੀਆਂ ਨੂੰ ਬਦਲੇ
ਬਿਨ ਹੌਸਲੇ ਦੇ ਸੰਧੂ ਨ੍ਹੇਰਾ ਨਾ ਦੂਰ ਹੋਇਆ।

## 81

ਪਿਆਰ ਮੁਹੱਬਤ ਕਰਕੇ ਵੇਖੇ
ਸੱਲ ਬ੍ਰਿਹਾ ਦੇ ਜਰਕੇ ਵੇਖੇ।

ਸੱਸੀ ਵਾਂਗੂੰ ਰੇਤ ਛਲੇ ਵੀ
ਇਸ਼ਕ ਝਨਾ ਵੀ ਤਰਕੇ ਵੇਖੇ।

ਯਾਰ ਰਿਝਾਵਣ ਖ਼ਾਤਰ ਅਪਣਾ
ਸਿਜਦੇ ਮੰਦਰੀਂ ਕਰਕੇ ਵੇਖੇ।

ਅੱਲਾ ਅੱਲਾ ਕੂਕ ਬਥੇਰਾ
ਸੀਸ ਨਮਾਜ਼ੀਂ ਧਰਕੇ ਵੇਖੇ।

ਨਾ ਉਹ ਲੱਭੇ ਨਾ ਉਹ ਬਹੁੜੇ
ਰੋਜ਼ੇ ਵਰਤ ਵੀ ਕਰਕੇ ਵੇਖੇ।

ਅਕਲ ਇਲਮ ਤੇ ਧਨ ਦੌਲਤਵੀ
ਪਾਰ ਨਾ ਕਰਦੇ ਥਰਕੇ ਵੇਖੇ।

ਜਿਸ ਵੀ ਮਿਲਿਆ ਅਪਣੇ ਅੰਦਰੋਂ
ਨਫਸ ਹਜ਼ੂਰੀਂ ਧਰ ਕੇ ਵੇਖੇ।

**82**

ਕੀਕਣ ਲਕੋ ਲਵੋਗੇ ਅਪਣਾ ਜਨਾਬ ਮੁਖੜਾ
ਰੀਝਾਂ ਤਰੇਲ ਬਣਕੇ ਚੁਮਿਆਂ ਗੁਲਾਬ ਮੁਖੜਾ।

ਚੁੰਨੀਂ ਲਕੋ ਲਵੇ ਜੇ ਬਦਲੀ ਦੇ ਵਾਂਗ ਇਸ ਨੂੰ
ਨਜ਼ਰਾਂ ਨੇ ਢੂੰਡ ਲੈਣਾ ਆਖਰ ਮਹਤਾਬ ਮੁਖੜਾ।

ਲਾਜ਼ਮ ਪਿਆਸ ਦਿਲਦੀ ਬੁੱਲ੍ਹਾਂ ਤੇ ਆ ਹੈ ਜਾਂਦੀ
ਜਾਂਦਾ ਹੈ ਭੁੱਲ ਆਪੇ ਸਾਰੇ ਅਦਾਬ ਮੁਖੜਾ।

ਨੈਣਾ ਨੇ ਪੀ ਲਈ ਹੈ ਭੁੱਲੇ ਨੇ ਹੋਸ਼ ਸਾਰੇ
ਦੇਂਦਾ ਹੈ ਅਰਗਵਾਨੀ ਮਸਤੀ ਸ਼ਤਾਬ ਮੁਖੜਾ।

ਹੋਸ਼ਾਂ ਭੁਲਾ ਹੈ ਦੇਂਦਾ ਰਹਿੰਦਾ ਨਾ ਯਾਦ ਕੁਛ ਵੀ
ਤਾਰੇ ਦਿਨੇ ਵਖਾਏ ਕਰਦਾ ਬੇਤਾਬ ਮੁਖੜਾ।

ਖ਼ਾਰਾਂ ਦੇ ਸਭਸ ਘੇਰੇ ਕਿਸ ਨੂੰ ਨੇ ਯਾਦ ਰਹਿੰਦੇ
ਜਿਸ ਨੂੰ ਵਲਾ ਲਵੇ ਹੈ ਤੇਰਾ ਗੁਲਾਬ ਮੁਖੜਾ।

ਰੱਖਾਂ ਕਿਵੇਂ ਮੈਂ ਇਸਨੂੰ ਨਜ਼ਰਾਂ ਤੋਂ ਯਾਰ ਓਹਲੇ
ਮੇਰੀ ਸੁਤਾ ਦਾ ਕੇਂਦਰ ਤੇਰਾ ਸ਼ਦਾਬ ਮੁਖੜਾ।

3-3-10

**83**

ਤੇਰੇ ਮਿਲਣ ਦੀ ਰੀਝ ਸੀ ਆਇਆ ਜਹਾਨ ਤੇ
ਗੁੰਬਦ ਤੇ ਨੀਲੇ ਹੋਰ ਵੀ ਸਨ ਆਸਮਾਨ ਤੇ।

ਫੋਲੇ ਮੈਂ ਤਬਕ ਸਾਰੇ ਮਿਲਿਆ ਨਾ ਫੇਰ ਵੀ
ਭੌਂਦਾ ਰਿਹਾ ਮੈਂ ਹੋਰਥੇ ਝੂਠੇ ਗੁਮਾਨ ਤੇ।

ਮਜ਼ਹਬ ਅਨੇਕ ਧਰਤ ਤੇ ਤੈਨੂੰ ਪੁਕਾਰਦੇ
ਤੇਰਾ ਹੀ ਨਾਮ ਆਵੇ ਹਰ ਇਕ ਜ਼ੁਬਾਨ ਤੇ।

ਭੁੱਲੇ ਨੇ ਲੋਕ ਉਸ ਨੂੰ ਨਾਂਵਾਂ 'ਚ ਪਲਚ ਕੇ
ਹੋਣਾ ਨਬੇੜਾ ਅੰਤ ਨੂੰ ਯਾਰੋ ਇਮਾਨ ਤੇ।

ਸੰਧੂ ਗਿਆਨ ਤੇਰਾ ਝੂਠਾ ਗੁਮਾਨ ਹੈ
ਹੋਂਦੇ ਨੇ ਪਾਰ ਸਾਰੇ ਉਸ ਦੀ ਪਛਾਨ ਤੇ।

## 84

ਲੋੜੇ ਕਲੀ ਗੁਲਾਬ ਦੀ ਬਾਰਸ਼ ਨੂੰ ਜਿਸ ਤਰ੍ਹਾਂ
ਤੇਰੀ ਮੈਂ ਦੀਦ ਲੋੜਾਂ ਔੜਾਂ ਨੂੰ ਜਿਵ ਹਰਾਂ।

ਮੁਖੜੇ ਤੋਂ ਯਾਰ ਝਰਕੇ ਕਣੀਆਂ ਸਵਾਂਤ ਦੇਵਣ
ਬੇਹਿਸ ਜਿਵਾ ਉਹ ਦੇਵਣ ਚਾਰਾ ਮੈਂ ਫਿਰ ਕਰਾਂ।

ਕਵਲਾਂ ਦੇ ਵਾਂਗ ਖਿਲਦੇ ਤੇਰੇ ਜੋ ਨੈਣ ਸੁਹਣੇ
ਤਾਰੀ ਲਗਾਕੇ ਵੇਖਾਂ ਡੂੰਘੇ ਮੈਂ ਉਨ ਸਰਾਂ।

ਸਾਰਾ ਅਕਾਸ਼ ਚੀਰਾਂ ਤੇਰੀ ਤਲਾਸ਼ ਅੰਦਰ
ਪਰਵਾਜ਼ ਐਸੀ ਬਖ਼ਸ਼ੀ ਮੇਰੇ ਤੂੰ ਹੁਣ ਪਰਾਂ।

ਸਾਹਸ ਤੇ ਹੌਸਲੇ ਨੂੰ ਸਾਥੀ ਬਣਾਕੇ ਅਪਣਾ
ਦਿਲ ਦੀ ਨਿਆਜ਼ ਤੇਰੇ ਕਦਮਾਂ 'ਚ ਆ ਧਰਾਂ।

ਖੈਰਾਂ ਤੇ ਸਭਸ ਖ਼ੁਸ਼ੀਆਂ ਤੈਨੂੰ ਨਸੀਬ ਹੋਵਣ
ਅੰਬਰ ਦਾ ਨੂਰ ਤੇਰੇ ਵਿਹੜੇ ਮੈਂ ਆ ਭਰਾਂ।

## 85

ਤੇਰੀ ਉਡੀਕ ਮੈਨੂੰ
ਆਜਾ ਤੂੰ ਯਾਰ ਆ ਜਾ
ਤਰਸੇ ਪਏ ਹਾਂ ਕਦ ਤੋਂ
ਜਲਵਾ ਜ਼ਰਾ ਵਖਾ ਜਾ।

ਲੰਮੀਂ ਉਡੀਕ ਹੋਈ
ਤੇਰੇ ਦਰਸ ਦੀ ਯਾਰਾ
ਮਨ ਨੂੰ ਸਵਾਂਤ ਦੇਵੇ
ਐਸੀ ਤੂੰ ਮੈ ਪਿਲਾ ਜਾ।

ਮਨਿਆਂ ਬਲੀ ਸਮਾਂ ਹੈ
ਦੇਂਦਾ ਨਖੇੜ ਆ ਕੇ
ਇਸ਼ਕੇ ਬਲੀ ਦੀ ਤਾਕਤ
ਆ ਕੇ ਜ਼ਰਾ ਵਖਾ ਜਾ।

ਲੰਮੀਂ ਉਡੀਕ ਵਾਲੇ
ਕੋਹ ਦੂਰੀਆਂ ਦੇ ਨਾਪੇ
ਮੰਜ਼ਲ ਵਖਾ ਤੂੰ ਮੈਨੂੰ
ਸਭ ਦੂਰੀਆਂ ਮਿਟਾ ਜਾ।

ਕੈਸੀ ਇਹ ਰਾਤ ਕਾਲੀ
ਪਸਰੀ ਪਈ ਚੁਫੇਰੇ
ਕਰ ਕੇ ਨਜ਼ਰ ਸਵੱਲੀ
ਊਸ਼ਾ ਦਾ ਮੂੰਹ ਵਖਾ ਜਾ।

ਜੀਵਨ ਦੀ ਸ਼ਾਮ ਹੋਈ
ਖੋਹੇ ਨੇ ਕਿਉਂ ਸਹਾਰੇ
ਅਪਣਾ ਤੂੰ ਸਾਥ ਦੇਕੇ
ਰੌਸ਼ਨ ਜਹਾਂ ਬਣਾ ਜਾ।

## 86

ਤਪਕੇ ਕੁੰਦਨ ਰਹਿ ਗਿਆ ਤੇ ਖੋਟ ਸਾਰਾ ਖਰ ਗਿਆ
ਫਿਰ ਵੀ ਆਸ਼ਕ ਵੇਖ ਬਾਜ਼ੀ ਯਾਰ ਕੋਲੋਂ ਹਰ ਗਿਆ।

ਹਾਰ ਜਾਵਣ ਦਾ ਮਜ਼ਾ ਹੈ ਸਿਰਫ ਓਹੀ ਜਾਣਦਾ
ਕਤਲ ਹੋਵਣ ਦੇ ਲਈ ਖ਼ੁਦ ਯਾਰ ਦੇ ਜੋ ਦਰ ਗਿਆ।

ਬਣਕੇ ਜ਼ੱਰਾ ਖ਼ਾਕ ਦਾ ਜੋ ਫੁੱਲ ਹੋਣਾ ਜਾਣਦਾ
ਮਕਿਦਾ ਹੈ ਫੇਰ ਲਾਜ਼ਮ ਉਹ ਨਾ ਜਾਣੋ ਮਰ ਗਿਆ।

ਚਿਣਗ ਬਣਕੇ ਸੁਲਗ ਪੈਂਦਾ ਫੂਕਦਾ ਹੈ ਜ਼ੁਲਮ ਨੂੰ
ਚੁੱਲ੍ਹਿਆਂ ਦਾ ਸੇਕ ਮੱਧਮ ਇਹ ਨ ਜਾਣੋ ਠਰ ਗਿਆ।

ਜ਼ਿੰਦਗੀ ਦਾ ਗੀਤ ਐਸਾ ਮੈਂ ਹਾਂ ਮੇਰੇ ਦੋਸਤੋ
ਮੌਤ ਦੀ ਵੀ ਹੱਦ ਜਿਹੜਾ ਪਾਰ ਜਾਣੋ ਕਰ ਗਿਆ।

## 87

ਬੋਲੇ ਨ ਉਹ ਬੁਲਾਇਆਂ ਹਰਗਿਜ਼ ਨ ਪਾਸ ਆਵੇ
ਦਿਲਬਰ ਦਾ ਇਹ ਵਤੀਰਾ ਮੈਨੂੰ ਨਾ ਰਾਸ ਆਵੇ।

ਮਸਤੀ ਖ਼ੁਮਾਰ ਸਾਰੇ ਭੁੱਲੇ ਨੇ ਯਾਰ ਮੈਨੂੰ
ਗ਼ਮਗੀਨ ਸੂਰਤਾਂ ਨੂੰ ਕਿੱਥੋਂ ਹੁਲਾਸ ਆਵੇ।

ਬਿਨ ਕਾਰਣੇ ਹੀ ਝਗੜਾ ਤੁਰਸ਼ੀ ਕਲਾਮ ਅੰਦਰ
ਲੋਚਾਂ ਜ਼ਬਾਨ ਉੱਤੇ ਯਾਰਾ ਮਿਠਾਸ ਆਵੇ।

ਭਰ ਪਿਆਰ ਦਾ ਹੁੰਗਾਰਾ ਸ਼ਿਕਵੇ ਵਿਸਾਰ ਸਾਰੇ
ਆਵੇ ਜਾਂ ਮੁੜ ਨਾ ਆਵੇ ਅਗਲਾ ਸਵਾਸ ਆਵੇ।

ਪੱਲੇ ਨਾ ਪਾ ਤੂੰ ਝੋਰੇ ਸਖਣੀ ਬਣਾ ਨਾ ਤਕਣੀ
ਦਿਲ ਨੂੰ ਉਡੀਕ ਤੇਰੀ 'ਹਾਂ ਜੀ' ਦੀ ਬਾਸ ਆਵੇ

ਹਉਕੇ ਭਰੇ ਹਵਾ ਨਾ ਮੌਸਮ ਉਦਾਸ ਆਵੇ
ਅੰਤਮ ਸਵਾਸ ਤੀਕਰ ਪਲ ਨਾ ਨਿਰਾਸ ਆਵੇ।

ਐਸਾ ਬਣਾ ਤੂੰ ਹਿਰਦਾ ਦਿਲ ਨੂੰ ਵਿਸ਼ਾਲ ਕਰਕੇ
ਹਰ ਇਕ ਨੂੰ ਕੋਲ ਤੇਰੇ ਡਾਢਾ ਨਿਘਾਸ ਆਵੇ।

## 88

ਹੈ ਸਾਕੀ ਸੁਰਾਹੀ ਦੀ ਗੱਲ ਤੇ ਪੁਰਾਣੀ
ਗ਼ਜ਼ਲ ਹੋ ਗਈ ਹੈ ਜ਼ਮਾਨੇ ਦੀ ਹਾਣੀ।

ਸੁਣੇ ਪੀੜ ਲੋਕਾਂ ਦੀ ਇਹ ਕੰਨ ਦੇਕੇ
ਭਰੇ ਫਿਰ ਵੀ ਹਾਲੇ ਮੁਹੱਬਤ ਦਾ ਪਾਣੀ।

ਜਦੋਂ ਬਾਤ ਸਾਹਿਤ ਦੇ ਰੂਪਾਂ ਨੇ ਸਮਝੀ
ਕਿਓਂਕਰ ਨ ਹੋਂਦੀ ਗ਼ਜ਼ਲ ਸਭਦੀ ਹਾਣੀ।

ਸੀ ਨਾਨਕ ਨੇ ਛੋਹੀ ਜੋ ਦਰਦਾਂ ਦੀ ਗਾਥਾ
ਕਿਵੇਂ ਫਿਰ ਨ ਹੋਂਦੀ ਕਲਾ ਹਰ ਸਿਆਣੀ

ਬਣੇ ਲੋਕ - ਤੰਤਰ ਦੇ ਰਾਖੇ ਜਾਂ ਕਾਮੇਂ
ਜੋ ਮਿਹਨਤ ਨੇ ਕਰਦੇ ਉ ਰਾਜਾ ਤੇ ਰਾਣੀ

ਨਾ ਰਾਜੇ ਤੇ ਰਾਣੇ ਰਹੇ ਏਸ ਥਾਂ ਤੇ
ਫਿਰੇ ਮਾਣ ਮੱਤੀ ਇਹ ਕਾਮੇਂ ਦੀ ਢਾਣੀ।

## 89

ਦਮ ਦਮ ਦਮਾਂ ਦੀ ਬਾਜ਼ੀ ਜਾਂਦਾ ਸੀ ਹਾਰਦਾ
ਮੈਨੂੰ ਖ਼ਤਾਬ ਦੇ ਗਿਆ ਯਾਰਾਂ ਦੇ ਯਾਰ ਦਾ।

ਉਸ ਬਾਝ ਕੀ ਕਰਾਂ ਮੈਂ ਉਸ ਦੇ ਖ਼ਤਾਬ ਨੂੰ
ਮਿਹਣਾ ਹੈ ਰੋਜ਼ ਮੈਨੂੰ ਲੋਕਾਂ ਦਾ ਮਾਰਦਾ।

ਯਾਦਾਂ ਦੇ ਸਿਲਸਲੇ ਨੇ ਬਾਕੀ ਤੇ ਰਹਿ ਗਏ
ਕੋਹੇ ਜੋ ਦਰਦ ਉਸਦਾ ਦਿਲ ਹੈ ਸਹਾਰਦਾ।

ਮੋਹੇ ਹੈ ਲਿਖਤ ਉਸ ਦੀ ਨਿਖਰੇ ਵਿਚਾਰ ਨੇ
ਰਸਤਾ ਵਖਾ ਗਿਆ ਜੋ ਸਚ ਹੈ ਨਿਤਾਰਦਾ।

ਤੁਰਨਾ ਮੁਹਾਲ ਉਸ ਤੇ ਰਸਤਾ ਕਠਨ ਬੜਾ
ਹਕ ਸੱਚ ਦੀ ਗਵਾਹੀ ਰਸਤਾ ਹੈ ਦਾਰ ਦਾ।

ਵਧਣਾ ਹੈ ਪਰ ਅਗੇਰੇ ਰੋਕਾਂ ਨੂੰ ਤੋੜ ਕੇ
ਮੰਜ਼ਲ ਧਿਆ ਕੇ ਮੈਂ ਹਾਂ ਰਸਤਾ ਨਿਹਾਰਦਾ

**ਪਿਆਰੇ ਮਿੱਤਰ ਪ੍ਰੋ. ਮੋਹਨ ਸਿੰਘ ਔਜਲਾ ਦੀ ਯਾਦ ਵਿੱਚ ਜੋ 5 ਨਵੰਬਰ 2010 ਨੂੰ ਸਾਡਾ ਸਾਥ ਸਦਾ ਲਈ ਛੱਡ ਗਏ।**

# ਪਰਵਾਸੀ ਪੰਜਾਬੀ ਗ਼ਜ਼ਲ ਦਾ ਮੀਲ ਪੱਥਰ
## ਗ਼ਜ਼ਲ ਗ੍ਰੰਥ
## 'ਗੀਤ ਤੋਂ ਸੁਲਗਦੀ ਲੀਕ ਤਕ'

ਸਵਾ ਚਾਰ ਸੌ ਸਫਿਆਂ ਵਿੱਚ ਫੈਲਿਆ ਅਤੇ 423 ਗ਼ਜ਼ਲਾਂ ਸੰਭਾਲੀ ਬੈਠਾ ਗ਼ਜ਼ਲ ਗ੍ਰੰਥ 'ਗੀਤ ਤੋਂ ਸੁਲਗਦੀ ਲੀਕ ਤਕ' ਪਰਵਾਸੀ ਪੰਜਾਬੀ ਗ਼ਜ਼ਲਕਾਰ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਦਾ ਪਰਵਾਸੀ ਪੰਜਾਬੀ ਗ਼ਜ਼ਲ ਦਾ ਸ਼ਾਨਦਾਰ ਪੜਾਅ ਅਤੇ ਜ਼ਿਕਰਯੋਗ ਵਾਧਾ ਹੈ, ਜਿਸ ਨੂੰ ਵੱਕਾਰੀ ਪ੍ਰਕਾਸ਼ਨ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ 2009 ਵਿੱਚ ਛਾਪਿਆ ਹੈ।

ਸ਼ਮਸ਼ੇਰ ਸਿੰਘ ਸੰਧੂ ਪੰਜਾਬੀ ਗ਼ਜ਼ਲ ਦਾ ਛੁਪਿਆ ਰੁਸਤਮ ਹੈ। ਉਸ ਨੇ 65 ਸਾਲ ਦੀ ਉਮਰ ਵਿੱਚ ਗ਼ਜ਼ਲ ਲਿਖਣੀ ਸਿੱਖੀ ਤੇ ਗ਼ਜ਼ਲ ਲਿਖਣੀ ਅਰੰਭੀ ਅਤੇ 7 ਕੁ ਸਾਲ ਦੀ ਗ਼ਜ਼ਲ ਸਿਰਜਣ ਯਾਤਰਾ ਵਿੱਚ 450 ਦੇ ਕਰੀਬ ਗ਼ਜ਼ਲਾਂ ਲਿਖੀਆਂ। ਕੈਲਗਰੀ, ਕੈਨੇਡਾ ਵਿੱਚ ਉਸ ਦਾ ਪਹਿਲਾ ਗ਼ਜ਼ਲ ਸੰਗ੍ਰਹਿ 'ਗਾ ਜ਼ਿੰਦਗੀ ਦੇ ਗੀਤ ਤੂੰ' 2003 ਵਿੱਚ, ਦੂਸਰਾ 'ਜੋਤ ਸਾਹਸ ਦੀ ਜਗਾ' 2005 ਵਿੱਚ, ਤੀਸਰਾ 'ਬਣ ਸ਼ੁਆ ਤੂੰ' 2006 ਵਿੱਚ, ਚੌਥਾ 'ਰੌਸ਼ਨੀ ਦੀ ਭਾਲ' 2007 ਵਿੱਚ ਛਪਿਆ ਅਤੇ ਪੰਜਵਾਂ 'ਸੁਲਗਦੀ ਲੀਕ' 2008 ਵਿੱਚ ਕੈਲਗਰੀ ਵਿੱਚ ਹੀ ਪ੍ਰਕਾਸ਼ਤ ਹੋਇਆ। ਹੱਥਲੀ ਪੁਸਤਕ 'ਗੀਤ ਤੋਂ ਸੁਲਗਦੀ ਲੀਕ ਤਕ' ਵਿੱਚ ਉਸ ਦੀਆਂ ਕੈਲਗਰੀ ਵਿੱਚ ਛਪੀਆਂ ਪੰਜੇ ਪੁਸਤਕਾਂ ਦੀਆਂ ਗ਼ਜ਼ਲਾਂ ਸ਼ਾਮਲ ਹਨ। ਇਸ ਤੋਂ ਪਹਿਲਾਂ ਉਸ ਦੀ ਕੋਈ ਪੁਸਤਕ ਪੰਜਾਬ ਵਿੱਚ ਨਹੀਂ ਸੀ ਛਪੀ। ਉਹ ਦੋਵੇਂ ਜੀਅ 1997 ਵਿੱਚ ਕੈਲਗਰੀ, ਕੈਨੇਡਾ ਆਪਣੇ ਵੱਡੇ ਬੇਟੇ ਹਰਪ੍ਰੀਤ ਸਿੰਘ ਸੰਧੂ ਕੋਲ ਜਾ ਵੱਸੇ ਸਨ।

ਜਵਾਨੀ ਵਿੱਚ ਤਾਂ ਹਰ ਕੋਈ ਕਵੀ ਹੁੰਦਾ ਹੈ। ਜਵਾਨੀ ਵਿੱਚ ਜਜ਼ਬਾਤ ਖੰਭ ਹੁੰਦੇ ਹਨ ਅਤੇ ਨੌਜਵਾਨਾਂ ਅਤੇ ਮੁਟਿਆਰਾਂ ਦੀਆਂ ਉਮੰਗਾਂ ਅਤੇ ਚਾਅ ਖੁੱਲੇ ਗਗਨਾਂ ਦੀ ਉਡਾਰੀ ਭਰਨਾ ਲੋਚਦੇ ਹਨ। ਪਰ ਆਦਮੀ ਜਦ 65 ਸਾਲ ਦਾ ਹੋ ਜਾਵੇ ਅਤੇ ਫੇਰ ਉਹ ਗ਼ਜ਼ਲ ਜਿਹੀ ਸਿਨਫ ਸਿਰਜਣ ਵਾਸਤੇ ਕਲਮ ਚੁੱਕੇ ਤਾਂ ਗੱਲ ਵਾਕਿਆ ਹੀ ਹੈਰਾਨ ਕਰਨ ਵਾਲੀ ਹੈ।

ਪ੍ਰੋ. ਸੰਧੂ ਪੰਜਾਬੀ ਦੇ ਸੁਪ੍ਰਸਿੱਧ ਸ਼੍ਰੋਮਣੀ ਸਾਹਿਤਕਾਰ ਸ੍ਰ. ਸੋਹਣ ਸਿੰਘ ਸੀਤਲ ਜੀ ਦਾ ਦਾਮਾਦ ਹੈ। ਉਸ ਦੀ ਸੁਪਤਨੀ ਪ੍ਰੋ. ਮੁਹਿੰਦਰ ਕੌਰ ਸੰਧੂ ਆਪਣੇ ਪਿਤਾ ਜੀ ਦੀ ਸਾਹਿਤਕ ਵਰਾਸਤ ਲੈਕੇ ਆਈ ਸੀ। ਪਰ ਵਿਆਹ ਤੋਂ ਪਹਿਲਾਂ ਵੀ ਪ੍ਰੋ. ਸੰਧੂ ਜਦ ਗੌਰਮਿੰਟ ਕਾਲਜ ਲੁਧਿਆਣਾ ਤੋਂ ਐਮ. ਏ. ਕਰ ਰਿਹਾ ਸੀ ਤਦ ਉਹ ਕਾਲਜ ਮੈਗਜ਼ੀਨ 'ਸਤਲੁਜ' ਦਾ 1956-57 ਵਿੱਚ ਸੰਪਾਦਕ ਸੀ ਅਤੇ ਫੇਰ ਮਾਲਵਾ ਟ੍ਰੇਨਿੰਗ ਕਾਲਜ ਲੁਧਿਆਣਾ ਵਿਖੇ ਬੀ. ਟੀ. ਕਰਦਿਆਂ ਵੀ 57-58 ਵਿੱਚ ਉਸ ਨੇ ਆਪਣੇ ਕਾਲਜ ਮੈਗਜ਼ੀਨ 'ਮਾਲਵਾ' ਦੀ ਸੰਪਾਦਨਾ ਕੀਤੀ ਸੀ। ਕਵਿਤਾ ਤਾਂ ਪ੍ਰੋ. ਸੰਧੂ ਜਵਾਨੀ ਦੀ ਦਹਿਲੀਜ਼ ਤੇ ਪੈਰ ਰਖਦਿਆਂ ਹੀ

ਲਿਖਣ ਲਗ ਪਿਆ ਸੀ ਤੇ ਸੋਹਣ ਸਿੰਘ ਸੀਤਲ ਦੀ ਬੇਟੀ ਮੁਹਿੰਦਰ ਦੇ ਪਿਆਰ ਸਦਕਾ ਉਹ ਪਿਆਰ ਦਾ ਕਵੀ ਹੋ ਨਿਬੜਿਆ। ਪ੍ਰੋ. ਸੰਧੂ ਨੇ ਆਪਣੀ ਗ਼ਜ਼ਲ ਸਿਰਜਣ ਪਰਕਿਰਿਆ ਚਾਹੇ 65 ਸਾਲ ਦੀ ਉਮਰ ਬਾਅਦ ਹੀ ਆਰੰਭੀ ਪਰੰਤੂ ਉਹ ਕਾਲਜ ਸਮੇਂ ਤੋਂ ਹੀ ਸਾਹਿਤ ਨਾਲ ਜੁੜਿਆ ਹੋਇਆ ਸੀ।

ਸੰਧੂ ਨੇ ਸਾਰੀ ਜ਼ਿੰਦਗੀ ਸ਼ਬਦਾਂ ਦੀ ਬਾਗ਼ਬਾਨੀ ਕਰਦਿਆਂ ਬਤੀਤ ਕੀਤੀ ਹੈ। ਅੱਜ ਵੀ ਉਹ ਸ਼ਬਦਾਂ ਦੇ ਫੁੱਲ ਖਿੜਾਉਣ ਲਈ ਆਪਣੇ ਜਿਗਰ ਦਾ ਖ਼ੂਨ ਦੇ ਰਿਹਾ ਹੈ। ਈਮਾਨਦਾਰੀ ਨਾਲ ਵਿਦਿਅਕ ਸੇਵਾ ਕਰਦਿਆਂ ਆਪਣਾ ਸਾਰਾ ਧਿਆਣ ਅਧਿਆਪਣ ਵੱਲ ਲਾਇਆ ਅਤੇ ਆਪਣੀਆਂ ਕਾਵਿ ਕਿਰਤਾਂ ਨੂੰ ਲਾਂਭੇ ਧਰੀ ਰੱਖਿਆ। ਵਰਨਾ ਲੋਕ ਤਾਂ ਅਫਸਰ ਹੁੰਦਿਆਂ ਮਹਾਨ ਕਵੀ ਬਣ ਜਾਂਦੇ ਹਨ। ਪ੍ਰੋ. ਸੰਧੂ ਦੇ ਤਿੰਨੇ ਬੱਚੇ ਚੰਗੀ ਵਿਦਿਅਕ ਯੋਗਤਾ ਵਾਲੇ ਹਨ। ਬੇਟੀ ਡਾ. ਜਸਜੀਤ ਕੌਰ ਰੰਧਾਵਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪ੍ਰੋਫੈਸਰ ਹੈ। ਦੋਵੇਂ ਬੇਟੇ ਕੈਲਗਰੀ, ਕੈਨੇਡਾ ਵਿੱਚ ਚੰਗੇ ਵਕਾਰੀ ਕੰਮ ਕਾਜ ਤੇ ਹਨ।

ਖ਼ੁਸ਼ਹਾਲੀ ਨਾਲ ਲਬਰੇਜ਼ ਹੁੰਦਿਆਂ ਵੀ ਪ੍ਰੋ. ਸੰਧੂ ਸਰਗਰਮ ਜ਼ਿੰਦਗੀ ਤੋਂ ਪਾਸੇ ਹੋਣਾ ਪਸੰਦ ਨਹੀਂ ਕਰਦਾ। ਜਦੋਂ ਉਹਨੇ 'ਕੰਮ' ਕਰਨਾ ਛੱਡਿਆ ਤਾਂ ਸਾਹਿਤ ਸਿਰਜਣ ਵਿੱਚ ਸਰਗਰਮ ਹੋ ਗਿਆ। ਪ੍ਰੋ. ਸੰਧੂ ਨੇ ਜਦ ਗ਼ਜ਼ਲ ਵੱਲ ਮੁਹਾੜ ਕੀਤਾ ਤਾਂ ਪੰਜਾਬੀ ਗ਼ਜ਼ਲ ਦਾ ਸੂਰਜ ਸਿਖਰ ਉੱਤੇ ਸੀ। ਗ਼ਜ਼ਲ ਵੱਲ ਉਸ ਦਾ ਰੁਝਾਣ 65 ਸਾਲ ਦੀ ਉਮਰ ਮਗਰੋਂ ਹੋਇਆ ਅਤੇ ਉਸ ਦੀ ਗ਼ਜ਼ਲ ਕੁਛ ਹੀ ਸਮੇਂ ਵਿੱਚ ਪ੍ਰਵਾਨ ਚੜ੍ਹ ਗਈ। ਇਹ ਉਸ ਦੇ ਸਿਦਕ, ਸਿਰੜ ਅਤੇ ਹੌਸਲੇ ਦਾ ਹੀ ਚਮਤਕਾਰ ਹੈ ਕਿ ਪੰਜਾਬ ਤੋਂ ਦੂਰ ਰਹਿੰਦਿਆਂ ਵੀ ਉਸ ਨੇ ਗ਼ਜ਼ਲ ਵਿੱਚ ਸ਼ਾਨਦਾਰ ਮੁਕਾਮ ਹਾਸਲ ਕੀਤਾ ਹੈ।

ਪੰਜਾਬੀ ਗ਼ਜ਼ਲ ਦੀ ਮੁਖ ਧਾਰਾ ਪੰਜਾਬ ਵਿੱਚ ਵਸਦੇ ਦੋ ਹਜ਼ਾਰ ਦੇ ਕਰੀਬ ਗ਼ਜ਼ਲਕਾਰਾਂ ਨੇ ਸਥਾਪਤ ਕੀਤੀ ਹੈ ਜਿਹਨਾਂ ਨੇ ਪੰਜਾਬੀ ਗ਼ਜ਼ਲ ਨੂੰ ਪੰਜਾਬੀਅਤ ਦਾ ਰੰਗ ਦਿੱਤਾ। ਅੱਜ ਪੰਜਾਬੀ ਗ਼ਜ਼ਲ ਨਵੇਕਲੇ ਅੰਦਾਜ਼ ਵਿੱਚ ਵਿਚਰ ਰਹੀ ਹੈ। ਪੰਜਾਬੀ ਗ਼ਜ਼ਲ ਨੇ ਆਪਣੀਆਂ ਸਥਾਪਨਾਵਾਂ ਖ਼ੁਦ ਕਾਇਮ ਕੀਤੀਆਂ ਹਨ। ਉਸ ਵਿੱਚ ਗ਼ਜ਼ਲ ਦੇ ਆਧਾਰ ਮੂਲਕ ਗੁਣ ਵੀ ਹਨ ਅਤੇ ਉਸ ਵਿੱਚ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਵੀ ਹੈ। ਅਜੋਕੀ ਸਥਿਤੀ ਵਿੱਚ ਜੋ ਸ਼ਾਇਰ ਪੰਜਾਬੀ ਗ਼ਜ਼ਲ ਨੂੰ ਹੋਰ ਬੁਲੰਦੀ ਵੱਲ ਲਿਜਾ ਰਹੇ ਹਨ ਉਹਨਾਂ ਉੱਘੇ ਗ਼ਜ਼ਲਕਾਰਾਂ ਦੀ ਲਿਸਟ ਵਿੱਚ ਹੁਣ ਸ਼ਮਸ਼ੇਰ ਸਿੰਘ ਸੰਧੂ ਦਾ ਨਾਂ ਵੀ ਜੋੜਿਆ ਜਾਣਾ ਬਣਦਾ ਹੈ। ਪੰਜਾਬੀ ਗ਼ਜ਼ਲ ਵਿੱਚ ਹੁਣ ਸਾਰਥਕ ਸੇਧ ਵਾਲੀ ਨਿਤ ਨਵੀਨ ਪ੍ਰਤੀਭਾ ਸ਼ਾਮਲ ਹੋ ਰਹੀ ਹੈ।

ਸ਼ਮਸ਼ੇਰ ਸਿੰਘ ਸੰਧੂ ਦੇ ਹਥਲੇ ਗ਼ਜ਼ਲ ਸੰਗ੍ਰਹਿ ਨੂੰ ਵਾਚਦਿਆਂ ਕਹਿ ਸਕਦੇ ਹਾਂ ਕਿ ਉਸਦੀ ਗ਼ਜ਼ਲ ਪਰਵਾਸੀ ਪੰਜਾਬੀ ਗ਼ਜ਼ਲ ਦੀ ਪ੍ਰਤੀਨਿਧਤਾ ਕਰਨ ਦੇ ਯੋਗ ਹੈ। ਇਸ ਗ਼ਜ਼ਲ ਸੰਗ੍ਰਹਿ ਵਿੱਚ ਜਿੱਥੇ ਬ੍ਰਿਹਾ, ਇਸ਼ਕ, ਪ੍ਰੇਮ, ਦਰਦ, ਅਤੇ ਪ੍ਰੀਤਮ ਪ੍ਰਤੀ ਰੋਸ ਵਰਗੇ ਵਿਸ਼ਿਆਂ ਨੂੰ ਨਿਭਾਉਂਦੇ ਖ਼ੂਬਸੂਰਤ ਸ਼ਿਅਰ ਹਨ ਓਥੇ ਮਨੁਖਤਾ ਪ੍ਰਤੀ ਵਡੇਰੇ ਸ੍ਰੋਕਾਰ ਵੀ ਉਸ ਦੀਆਂ ਗ਼ਜ਼ਲਾਂ ਵਿੱਚ ਚਿਤਰਤ ਹੋਏ ਹਨ। ਉਹ ਮਹਿਜ਼ ਪਿਆਰ ਦਾ ਕਵੀ ਨਹੀਂ ਹੈ ਸਗੋਂ ਉਸ ਦੀ ਦ੍ਰਿਸ਼ਟੀ ਸਰਵ ਵਿਆਪੀ ਅਤੇ ਸਰਵ ਭੌਮਿਕਤਾ ਦੀ ਸਿਰਜਣਾਤਮਿਕਤਾ ਨੂੰ ਪਹੁੰਚਦੀ

ਪ੍ਰਤੀਤ ਹੁੰਦੀ ਹੈ। ਉਸ ਦੀਆਂ ਸਮੁੱਚੀਆਂ ਗ਼ਜ਼ਲਾਂ ਦਾ ਪ੍ਰਭਾਵ ਬਹੁ ਰੰਗੀ ਹੈ ਪਰ ਉਸ ਵਿੱਚ ਨੁਮਾਇਆਂ ਰੰਗ ਮਨੁਖਤਾਵਾਦੀ ਹੈ। ਉਸ ਨੇ ਪ੍ਰਗਤੀਵਾਦੀ ਸ਼ਿਅਰ ਵੀ ਕਹੇ ਹਨ ਪਰ ਉਸ ਨੇ ਕਦੇ ਗ਼ਜ਼ਲੀਅਤ ਦਾ ਪੱਲਾ ਨਹੀਂ ਛੱਡਿਆ। ਉਸ ਨੂੰ ਖ਼ੂਬ ਇਲਮ ਹੈ ਕਿ ਜੇਕਰ ਸ਼ਿਲਪ ਹੀ ਨਾ ਰਿਹਾ ਤਾਂ ਜਜ਼ਬਾਤ ਦੀ ਪੇਸ਼ਕਾਰੀ ਹੌਲੀ ਪੈ ਜਾਂਦੀ ਹੈ। ਏਸੇ ਲਈ ਉਸ ਨੇ ਆਪਣੀ ਗ਼ਜ਼ਲ ਨੂੰ ਸ਼ਿਲਪ ਵਿੱਚ ਢਾਲਣ ਦੀ ਚੋਖੀ ਮਿਹਨਤ ਕੀਤੀ ਹੈ। ਉਸ ਨੇ ਵੱਡੇ ਵੱਡੇ ਵਿਸ਼ਿਆਂ ਨੂੰ ਵੀ ਸਹਿਜ ਅਤੇ ਸੂਖਮਤਾ ਵਿੱਚ ਢਾਲਣ ਦੀ ਸਫਲਤਾ ਪ੍ਰਾਪਤ ਕੀਤੀ ਹੈ। ਉਸ ਦੀ ਸ਼ਾਇਰੀ ਵਿੱਚ ਸਮਾਜਿਕ ਸਾਰਥਿਕਤਾ ਦੀ ਪੇਸ਼ਕਾਰੀ ਵਸਤੂਗਤ ਧਰਾਤਲ ਉੱਤੇ ਹੋਈ ਮਿਲਦੀ ਹੈ ਪਰ ਐਸਾ ਵੀ ਨਹੀਂ ਕਿ ਉਸ ਨੂੰ ਗ਼ਜ਼ਲ ਵਿੱਚ ਰਮਜ਼ ਦੇ ਮਹੱਤਵ ਦਾ ਇਲਮ ਨਹੀਂ। ਉਹ ਗੁਝੀਆਂ ਰਮਜ਼ਾਂ ਨਾਲ ਆਪਣੇ ਵਿਸ਼ੇ ਦੇ ਨਿਭਾ ਨੂੰ ਆਸਾਨ ਬਣਾਉਂਦਾ ਹੈ। ਪ੍ਰੋ. ਸੰਧੂ ਦੀ ਸ਼ਾਇਰੀ ਪ੍ਰੇਮ ਵਿਗੁੱਤੇ ਮਨ ਦੀਆਂ ਕਸਕਾਂ ਹਨ। ਜਿਹੜਾ ਮਨ ਪ੍ਰੇਮ ਵਿੱਚ ਗੜੁੱਚ ਨਹੀਂ ਉਹ ਸੰਸਾਰ ਤੇ ਸਰਬੱਤ ਦੇ ਭਲੇ ਬਾਰੇ ਸੋਚ ਹੀ ਨਹੀਂ ਸਕਦਾ। ਪਿਆਰ ਹੀ ਮਨੁੱਖਤਾ ਪ੍ਰਤੀ ਸੂਝ ਤੇ ਦਰਦ ਨੂੰ ਤਰੰਗਤ ਕਰਦਾ ਹੈ।

ਪ੍ਰੋ. ਸੰਧੂ ਦੀ ਗ਼ਜ਼ਲ ਵਿਚ ਸਮੂਹ ਚੇਤਨਾ ਦਾ ਰੰਗ ਭਾਵੇਂ ਐਨਾ ਗੂੜ੍ਹਾ ਨਹੀਂ ਜਿੰਨਾ ਕਿ ਜੁਝਾਰ ਸ਼ਿਅਰਾਂ ਵਿੱਚ ਹੁੰਦਾ ਹੈ ਪਰ ਉਹ ਆਪਣੀਆਂ ਗ਼ਜ਼ਲਾਂ ਦੇ ਸਮੁੱਚੇ ਪਾਸਾਰ ਵਿੱਚ ਲੁੱਟੀ ਜਾ ਰਹੀ ਧਿਰ ਦੇ ਪੱਖ ਵਿੱਚ ਅਤੇ ਲੁਟੇਰਿਆਂ ਦੇ ਵਿਰੋਧ ਵਿੱਚ ਖਲੋਂਦਾ ਹੈ। ਉਹ ਹਨੇਰਿਆਂ ਵਿੱਚ ਆਸ ਦਾ ਦੀਪ ਜਗਾਉਂਦਾ ਹੈ। ਸ਼ਾਇਰ ਨੂੰ ਪਤਾ ਹੈ ਕਿ ਸ਼ਿਅਰ ਨੇ ਭਾਂਵੇਂ ਕ੍ਰਾਂਤੀ ਨਹੀਂ ਲਿਆਉਣੀ ਪਰ ਕ੍ਰਾਂਤੀ ਪ੍ਰਤੀ ਸਨੇਹ ਅਤੇ ਉਮੀਦ ਜਗਾਈ ਜਾ ਸਕਦੀ ਹੈ। ਸ਼ਾਇਰ ਕੋਲ ਲੰਮਾਂ ਜੀਵਨ ਤਜਰਬਾ ਹੈ। ਪਿਛਲੇ 70 ਸਾਲਾਂ ਦੇ ਰਾਹਾਂ ਦੀਆਂ ਯਾਦਾਂ ਉਸ ਕੋਲ ਹਨ। ਉਹ ਜਿੱਥੋਂ ਜਿੱਥੋਂ ਦੀ ਗੁਜ਼ਰਕੇ ਆਇਆ ਹੈ ਉਸਨੂੰ ਉਹਨਾਂ ਰਾਹਾਂ ਦੇ ਟੋਏ ਟਿੱਬੇ ਯਾਦ ਹਨ। ਉਸ ਦੀਆਂ ਗ਼ਜ਼ਲਾਂ ਵਿੱਚ ਉਸ ਦੇ ਦਿਲ ਦੀ ਪੀੜ ਤੇ ਹਾਰਾਂ ਦੇ ਪਲ ਵੀ ਹਨ ਪਰ ਜੀਵਨ ਚੋਂ ਮਿਲੇ ਬਹੁਮੁੱਲੇ ਖੇੜੇ ਅਤੇ ਪ੍ਰਾਪਤੀਆਂ ਨੂੰ ਉਹ ਛੁਟਿਆਉਂਦਾ ਨਹੀਂ। ਇੰਜ ਕਰਦਿਆਂ ਉਹ ਪਰਵਚਨ ਦਾ ਸਮਤੋਲ ਬਣਾਈ ਰੱਖਦਾ ਹੈ। ਜੀਵਨ ਨਾ ਤਾਂ ਕੇਵਲ ਛਾਂ ਦੇ ਸਹਾਰੇ ਅਤੇ ਨਾ ਹੀ ਨਿਰੀਆਂ ਧੁੱਪਾਂ ਦੇ ਸਹਾਰੇ ਗੁਜ਼ਰ ਸਕਦਾ ਹੈ। ਪੌਦੇ ਨੂੰ ਵਿਗਸਣ ਲਈ ਧੁੱਪਾਂ ਦੀ ਵੀ ਲੋੜ ਹੈ ਤੇ ਬਰਸਾਤਾਂ ਦੀ ਵੀ। ਇੰਜ ਸ਼ਾਇਰ ਸੰਧੂ ਪ੍ਰਕਿਰਤੀ ਦੇ ਵੱਖ ਵੱਖ ਰੂਪਾਂ ਨਾਲ ਜੁੜਦਾ ਹੈ। ਉਸ ਵਾਸਤੇ ਕੁਦਰਤ ਕੋਈ ਅਲੋਕਰ ਨਹੀਂ ਸਗੋਂ ਜੀਵਨ ਦਾ ਅੰਗ ਹੈ।

ਅਧੁਨਿਕ ਗ਼ਜ਼ਲ ਅਜਿਹੀ ਸਿਨਫ ਹੈ ਜਿਸ ਵਿੱਚ ਸ਼ਿਲਪ ਅਤੇ ਕਲਾ ਦਾ ਮੂਲ ਮਹੱਤਵ ਹੈ। ਗ਼ਜ਼ਲ ਵਿੱਚੋਂ ਜੇ ਤਕਨੀਕੀ ਹੁਨਰ ਮਨਫੀ ਕਰ ਦਿੱਤਾ ਜਾਵੇ ਤਾਂ ਉਹ ਗ਼ਜ਼ਲ ਨਹੀਂ ਰਹਿੰਦੀ। ਖੁੱਲ੍ਹੀ ਕਵਿਤਾ ਵਿੱਚ ਕੋਈ ਬੰਧੇਜ, ਤਕਨੀਕ ਤੇ ਅਨੁਸ਼ਾਸਨ ਨਹੀਂ ਹੁੰਦਾ। ਮਿਹਣਾ ਤਾਂ ਉਸ ਰਚਨਾ ਨੂੰ ਹੁੰਦਾ ਹੈ ਜੋ ਨਿਯਮ ਵਿੱਚ ਹੋਣ ਦਾ ਦਾਅਵਾ ਕਰਦੀ ਹੈ। ਗ਼ਜ਼ਲ ਦਾ ਆਪਣਾ ਵਿਧਾਨ ਹੈ, ਨਿਸਚਿਤ ਰੂਪਾਕਾਰ ਹੈ। ਪ੍ਰੋ. ਸੰਧੂ ਨੇ ਗ਼ਜ਼ਲ ਵਿਧਾਨ ਅਤੇ ਸ਼ਿਲਪ ਵਿੱਚ ਪ੍ਰਬੀਨਤਾ ਹਾਸਿਲ ਕਰਨ ਵਾਸਤੇ ਚੋਖੀ ਮਿਹਨਤ ਕੀਤੀ ਹੈ।

ਸਾਡੇ ਪਰਵਾਸੀ ਕਵੀਆਂ/ਸ਼ਾਇਰਾਂ ਸਾਹਮਣੇ ਪੰਜਾਬ 'ਚ ਵਸਦੇ ਸ਼ਾਇਰਾਂ ਨਾਲੋਂ

ਵੱਖਰੀਆਂ ਚਨੌਤੀਆਂ ਰਹੀਆਂ ਹਨ। ਉਹਨਾਂ ਬੇਗਾਨੇ ਤੇ ਅੱਡ ਕਿਸਮ ਦੇ ਸਭਿਆਚਾਰ ਵਿੱਚ ਆਪਣੀਆਂ ਜੜਾਂ ਲਾਉਣੀਆਂ ਹੁੰਦੀਆਂ ਹਨ। ਉਸ ਸਭਿਆਚਾਰ ਨਾਲ ਸਮਝੌਤਾ ਕਰਨਾ ਪੈਂਦਾ ਹੈ। ਬਜ਼ੁਰਗ ਪੀੜ੍ਹੀ ਨੂੰ ਖ਼ਾਸ ਤੌਰ ਤੇ ਇਕ ਚਿੰਤਾ ਇਹ ਹੁੰਦੀ ਹੈ ਕਿ ਬੱਚੇ ਪੰਜਾਬ ਦੀ ਕਲਚਰ ਭੁੱਲਕੇ ਓਪਰੀ ਕਲਚਰ ਵਿੱਚ ਹੀ ਸਮਾ ਨਾ ਜਾਣ। ਏਸੇ ਤੌਖਲੇ ਨੇ ਉਹਨਾਂ ਨੂੰ ਆਪਣੀ ਬੋਲੀ ਅਤੇ ਧਰਮ ਨੂੰ ਬਚਾਉਣ ਤੇ ਰਾਖੀ ਹਿੱਤ ਸਰਗਰਮ ਕੀਤਾ। ਉਹਨਾਂ ਧਾਰਮਿਕ ਤੇ ਸਾਹਿਤਕ ਸਰਗਰਮੀਆਂ ਵਧਾਈਆਂ। ਸਾਹਿਤਕਾਰਾਂ ਨੇ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ, ਸਾਹਿਤ ਸਭਾਵਾਂ ਬਣਾਈਆਂ, ਪੁਸਤਕਾਂ ਛਪਵਾਈਆਂ ਅਖ਼ਬਾਰਾਂ ਰਸਾਲੇ ਕੱਢੇ ਅਤੇ ਸੰਸਾਰ ਪੱਧਰੀ ਪੰਜਾਬੀ ਕਾਨਫਰੰਸਾਂ ਸ਼ੁਰੂ ਕੀਤੀਆਂ ਜਿਨ੍ਹਾਂ ਵਿੱਚ ਪੰਜਾਬ ਤੋਂ ਵਿਦਵਾਨ, ਅਲੋਚਕ ਤੇ ਸਾਹਿਤਕਾਰ ਵੀ ਸ਼ਾਮਲ ਹੋਣ ਲੱਗੇ। ਪਰਵਾਸੀ ਲੇਖਕ ਇੰਟਰਨੈਟ ਰਾਹੀਂ ਪੰਜਾਬ ਤੇ ਦੁਨੀਆਂ ਦੇ ਹੋਰ ਲੋਕਾਂ ਤਕ ਪਹੁੰਚਣ ਲੱਗੇ। ਪੰਜਾਬੀ ਵਿੱਚ ਵੀ ਕਈ ਸੰਸਾਰ ਪੱਧਰੀ ਅਖਬਾਰਾਂ ਤੇ ਰਸਾਲੇ ਛਪਣ ਲੱਗੇ। ਇਸ ਪ੍ਰਕਾਰ ਪਰਵਾਸੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਵੀ ਪਾਠਕ ਮਿਲੇ।

ਪਰਵਾਸੀ ਸਾਹਿਤਕਾਰਾਂ ਵਿੱਚੋਂ ਪਰਵਾਸੀ ਗ਼ਜ਼ਲਕਾਰਾਂ ਨੂੰ ਪੰਜਾਬ ਵਿਚਲੇ ਗ਼ਜ਼ਲਕਾਰਾਂ ਵਾਲੀਆਂ ਸਿਖਿਆ ਸਹੂਲਤਾਂ ਨਾ ਮਿਲੀਆਂ। ਗ਼ਜ਼ਲ ਦੀ ਤਕਨੀਕ ਤੇ ਸ਼ਿਲਪ ਬਾਰੇ ਉਹਨਾਂ ਦੀ ਜਾਣਕਾਰੀ ਆਮ ਤੌਰ ਤੇ ਅਧੂਰੀ ਰਹੀ ਜਿਸ ਦੇ ਫਲ ਸਰੂਪ ਉਹਨਾਂ ਦੀਆਂ ਗ਼ਜ਼ਲਾਂ ਵਿੱਚ ਪਕਿਆਈ ਦੀ ਘਾਟ ਰਹੀ। ਇਹਨਾਂ ਸਹੂਲਤਾਂ ਤੋਂ ਵਾਂਝੇ ਹੁੰਦੇ ਹੋਏ ਵੀ ਪਰਵਾਸੀ ਗ਼ਜ਼ਲਕਾਰ ਗ਼ਜ਼ਲਾਂ ਲਿਖਦੇ ਰਹੇ। ਹੌਲੀ ਹੌਲੀ ਗ਼ਜ਼ਲ ਦੇ ਰੂਪਕਾਰ ਦੇ ਕਈ ਜਾਣੂੰ ਵਿਦੇਸ਼ਾਂ ਵਿੱਚ ਜਾ ਵੱਸੇ। ਉਹਨਾਂ ਨੇ ਨਵੇਂ ਪਰਵਾਸੀ ਗ਼ਜ਼ਲਕਾਰਾਂ ਦੀ ਅਗਵਾਈ ਕੀਤੀ। ਜਿਸ ਦੇ ਫਲ ਸਰੂਪ ਅੱਜ ਪਰਵਾਸੀ ਪੰਜਬੀ ਗ਼ਜ਼ਲਕਾਰਾਂ ਵਿੱਚ ਤਕਨੀਕੀ ਘਾਟ ਪੂਰੀ ਹੋ ਰਹੀ ਹੈ ਅਤੇ ਭਾਵ, ਬੋਧ, ਨਵੀਂ ਸ਼ਬਦਾਵਲੀ ਅਤੇ ਨਵੇਂ ਸਰੋਕਾਰਾਂ ਦੇ ਨਾਲ ਨਾਲ ਰੂਪਕ ਪੱਖੋਂ ਵੀ ਅਮੀਰੀ ਆ ਰਹੀ ਹੈ। ਪ੍ਰੋ. ਸੰਧੂ ਦੀ ਖ਼ੁਸ਼ਕਿਸਮਤੀ ਰਹੀ ਹੈ ਕਿ ਕੈਲਗਰੀ ਵਿੱਚ ਪਰਵਾਸੀ ਪੰਜਾਬੀ ਗ਼ਜ਼ਲਕਾਰ ਕਸ਼ਮੀਰਾ ਸਿੰਘ ਚਮਨ ਨਾਲ ਸ਼ਾਗਿਰਦ ਜਿਹਾ ਮੇਲ ਹੋ ਗਿਆ ਜਿਸ ਦੇ ਫਲ ਸਰੂਪ ਉਸਦੀ ਤਕਨੀਕ ਅਤੇ ਸ਼ਿਲਪ ਵਿੱਚ ਪਰਬੀਨਤਾ ਆ ਗਈ।

ਸ਼ਮਸ਼ੇਰ ਸਿੰਘ ਸੰਧੂ ਇਕ ਸਫਲ ਪੰਜਾਬੀ ਗ਼ਜ਼ਲਕਾਰ ਹੈ। ਕੈਲਗਰੀ, ਕੈਨੇਡਾ ਦੇ ਗ਼ਜ਼ਲਗੋ ਕਸ਼ਮੀਰਾ ਸਿੰਘ ਚਮਨ ਲਿਖਦੇ ਹਨ ਕਿ' ਸਮੁੱਚੇ ਤੌਰ ਤੇ ਵਜ਼ਨ ਪੱਖੋਂ ਇਨ੍ਹਾਂ ਗ਼ਜ਼ਲਾਂ ਵਿੱਚ ਕੋਈ ਕਮੀਂ ਨਹੀਂ। ਤਗ਼ਜ਼ਲ ਵੀ ਹੈ ਤੇ ਰਵਾਨੀ ਵਿੱਚ ਵੀ ਕਿਤੇ ਫਰਕ ਨਹੀਂ। ਸੰਧੂ ਨੇ ਮੁਹਾਵਰੇ, ਬਿੰਬ, ਪਰਤੀਕਾਂ, ਨੈਤਿਕਤਾ, ਜੀਵਨ ਜਾਚ, ਘਰ ਦਾ ਪਿਆਰ, ਦੇਸ਼ ਵਿਛੋੜੇ ਦੀ ਕਸਕ, ਸਮਾਜਿਕ ਜ਼ੁੰਮੇਵਾਰੀਆਂ ਭਰਿਆ ਪਿਆਰ ਅਨੁਭਵ, ਸੁਹਜ ਸੁਆਦ, ਸਮਕਾਲੀ ਸਮਾਜਿਕ-ਰਾਜਨੀਤਿਕ ਚੋਭਾਂ, ਆਪਾ ਵਾਰਦੀ ਸਵੈ ਪੜਚੋਲ ਦੀਆਂ ਝਲਕੀਆਂ ਨੂੰ ਦਿਲਕਸ਼ ਤੇ ਨਵੀਨ ਢੰਗ ਨਾਲ ਇਨ੍ਹਾਂ ਗ਼ਜ਼ਲਾਂ ਵਿੱਚ ਪੇਸ਼ ਕੀਤਾ ਹੈ '।

ਇਕਬਾਲ ਅਰਪਨ (ਕੈਲਗਰੀ) ਦਾ ਕਹਿਣਾ ਹੈ ਕਿ "ਗ਼ਜ਼ਲ ਦੇ ਖੇਤਰ ਵਿੱਚ ਸ਼ਮਸ਼ੇਰ ਸਿੰਘ ਸੰਧੂ ਨੇ ......ਪਾਠਕਾਂ ਨੂੰ ਨਿਰਾਸ਼ ਨਹੀਂ ਕੀਤਾ। ਸ਼ਮਸ਼ੇਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਦੇ

ਦੋ ਪਹਿਲੂ ਹਨ। ਉਸ ਦੀ ਪੂਰੀ ਦੀ ਪੂਰੀ ਸ਼ਾਇਰੀ ਪਿਆਰ ਦੇ ਰੰਗ ਅਤੇ ਸਮਾਜ ਵਿੱਚ ਵਾਪਰ ਰਹੀਆਂ ਕੁਰੀਤੀਆਂ ਦੁਆਲੇ ਘੁੰਮਦੀ ਹੈ। ਲੋਕਾਂ ਨਾਲ ਪਿਆਰ ਜਾਂ ਸਮੁੱਚੀ ਮਨੁੱਖਤਾ ਨਾਲ ਪਿਆਰ ਅਤੇ ਮਹਿਬੂਬ ਜਾਂ ਮਹਿਬੂਬਾ ਨਾਲ ਪਿਆਰ। ....ਸ਼ਮਸ਼ੇਰ ਸਿੰਘ ਸੰਧੂ ਦਾ ਗ਼ਜ਼ਲ ਦੇ ਖੇਤਰ ਵਿੱਚ ਇਕ ਵਧੀਆ ਉਪਰਾਲਾ ਹੈ। ਪੰਜਾਬੀ ਸਾਹਿਤ ਵਿੱਚ ਉਸ ਦਾ ਨਿੱਘਾ ਸਵਾਗਤ ਹੈ"।

ਪ੍ਰੋ. ਮੋਹਨ ਸਿੰਘ ਔਜਲਾ ਦਾ ਕਥਨ ਹੈ ਕਿ 'ਜਿਸ ਲਗਣ ਅਤੇ ਮਿਹਨਤ ਨਾਲ ਸੰਧੂ ਗ਼ਜ਼ਲ ਰਚਨਾ ਦੇ ਖੇਤਰ ਵਿੱਚ ਨਿੱਤਰਿਆ ਹੈ ਉਹ ਬਹੁਤ ਸਰਾਹਣਾ ਯੋਗ ਹੈ। ਸੰਧੂ ਦਾ ਇਹ ਗ਼ਜ਼ਲ ਸੰਗ੍ਰਹਿ ਸ਼ਬਦ ਚੋਣ, ਸ਼ਬਦ ਜੜਤ ਤੇ ਰਵਾਨੀ ਦੇ ਪੱਖ ਤੋਂ ਬਹੁਤ ਉੱਤਮ ਰਚਨਾ ਹੈ। ਵਿਸ਼ੇ ਅਤੇ ਵਰਤੀਆਂ ਬਹਿਰਾਂ ਤੇ ਉਸ ਨੂੰ ਪੂਰਾ ਅਬੂਰ ਹੈ ਅਤੇ ਉਸ ਨੇ ਉਤਮ ਢੰਗ ਨਾਲ ਉਹਨਾ ਨੂੰ ਨਿਭਾਇਆ ਹੈ। ਪੰਜਾਬੀ ਸਾਹਿਤ ਨੂੰ ਇਸ ਸਲਾਘਾ ਯੋਗ ਦੇਣ ਸਦਕਾ ਉਹ ਵਧਾਈ ਦਾ ਪਾਤਰ ਹੈ।'

ਪ੍ਰੋ. (ਡਾ.) ਹਰਭਜਨ ਸਿੰਘ ਢਿੱਲੋਂ ਦਾ ਵਿਚਾਰ ਹੈ ਕਿ 'ਸ਼ਮਸ਼ੇਰ ਸਿੰਘ ਸੰਧੂ ਨੇ ਵਿਭਿੰਨ ਕਾਵਿ ਬਹਿਰਾਂ ਦੀ ਵਰਤੋਂ ਕਰਦਿਆਂ ਅਜੋਕੇ ਮਾਨਵੀ ਸਰੋਕਾਰਾਂ ਨੂੰ ਕਾਵਿਕ ਮੁਹਾਵਰੇ ਰਾਹੀਂ ਸਿਰਜਣ ਅਤੇ ਵਿਆਖਿਆਉਣ ਦਾ ਸਫਲ ਯਤਨ ਕੀਤਾ ਹੈ ਜੋ ਸੰਧੂ ਦੀ ਤੀਖਣ ਦਰਿਸ਼ਟੀ ਤੇ ਮਾਨਵਵਾਦੀ ਸੋਚ ਦਾ ਲਖਾਇਕ ਹੈ। ਇਸ ਵਿੱਚ ਸਥਿਤੀਆਂ, ਮਾਨਵ, ਮਨੁੱਖੀ ਰਿਸ਼ਤਿਆਂ ਅਤੇ ਮਾਨਵੀ ਮੁੱਲਾਂ ਦੀ ਸੁਚੱਜੀ ਪੇਸ਼ਕਾਰੀ ਤਾਂ ਹੈ ਹੀ ਇਹਨਾ ਦੇ ਆਰ ਪਾਰ ਦੇਖਕੇ ਇਹਨਾ ਨਾਲ ਗੰਭੀਰ ਸੰਵਾਦ ਰਚਾਉਣ ਦਾ ਯਤਨ ਵੀ ਕੀਤਾ ਗਿਆ ਹੈ।'

ਡਾ. ਬਲਬੀਰ ਸਿੰਘ ਪੂੰਨੀ (ਵੈਨਕੂਵਰ) ਆਪਣੀ ਪੁਸਤਕ 'ਕਨੇਡੀਅਨ ਪੰਜਾਬੀ ਕਵਿਤਾ' ਦੇ ਲੇਖ 'ਸ਼ਮਸ਼ੇਰ ਸਿੰਘ ਸੰਧੂ ਦਾ ਕਾਵਿ ਜਗਤ' ਵਿੱਚ ਲਿਖਦੇ ਹਨ ਹੈ ਕਿ "ਸ਼ਮਸ਼ੇਰ ਸਿੰਘ ਸੰਧੂ ਨੇ ਜਿੱਥੇ ਵਿਭਿੰਨ ਵਿਸ਼ਿਆਂ ਨੂੰ ਆਪਣੀਆਂ ਗ਼ਜ਼ਲਾਂ, ਕਵਿਤਾਵਾਂ ਵਿੱਚ ਪੇਸ਼ ਕੀਤਾ ਹੈ ਓਥੇ ਉਹ ਰੂਪਕ ਪੱਖ ਤੋਂ ਕਲਾਤਮਕ ਜੁਗਤਾਂ ਦੀ ਵਰਤੋਂ ਕਰਦਾ ਹੈ। ਉਸ ਨੇ ਨਵੇਂ ਪ੍ਰਤੀਕ ਬਿੰਬਾਂ ਦੀ ਸਿਰਜਣਾ ਕੀਤੀ ਹੈ। ਉਹ ਅਮਨ ਪਸੰਦ ਸ਼ਾਇਰ ਹੈ ਜਿਸ ਨੂੰ ਜੰਗ ਨਾਲ ਨਫਰਤ ਹੈ। ਉਹ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ਉਹ ਇਕ ਪ੍ਰੌੜ ਕਵੀ ਹੈ। ਗਿਣਵੇਂ ਤੋਲਵੇਂ ਸ਼ਬਦਾਂ ਦੀ ਉਹ ਵਰਤੋਂ ਕਰਦਾ ਹੈ।"।

ਲੁਧਿਆਣਾ ਸਥਿੱਤ ਪਰਮੁੱਖ ਵਕਾਰੀ ਸਾਹਿਤਕ ਸੰਸਥਾ 'ਸਿਰਜਨਧਾਰਾ' ਨੇ ਸ਼ਮਸ਼ੇਰ ਸਿੰਘ ਸੰਧੂ ਦੇ ਗ਼ਜ਼ਲ ਸੰਗ੍ਰਹਿ 'ਗਾ ਜ਼ਿੰਦਗੀ ਦੇ ਗੀਤ ਤੂੰ' ਤੇ ਉਨ੍ਹਾਂ ਨੂੰ 2004 ਵਿੱਚ 'ਪੰਜਾਬ ਦੀ ਖੁਸ਼ਬੂ' ਅਵਾਰਡ ਨਾਲ ਸਨਮਾਨਿਤ ਕੀਤਾ। ਸ. ਕਰਮਜੀਤ ਸਿੰਘ ਔਜਲਾ ਇਸ ਸੰਸਥਾ ਦੇ ਪ੍ਰਧਾਨ ਤੇ ਪ੍ਰੋ. ਕੁਲਵੰਤ ਸਿੰਘ ਜਗਰਾਉਂ ਜਨਰਲ ਸਕੱਤਰ ਸਨ।

ਭਾਵੇਂ ਪ੍ਰੋ. ਸੰਧੂ ਪੰਜਾਬ ਤੋਂ ਦੂਰ ਕੈਲਗਰੀ, ਕੈਨੇਡਾ ਵਿੱਚ ਵਿਚਰ ਰਿਹਾ ਹੈ ਪਰ ਉਸ ਦੀ ਗ਼ਜ਼ਲ ਨੇ ਵਿਦਵਾਨਾਂ ਅਤੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਸਫਲਤਾ ਪ੍ਰਾਪਤ ਕੀਤੀ ਹੈ। ਸੰਧੂ ਦੀ ਵੱਡ ਆਕਾਰੀ ਪੁਸਤਕ ਮਿਲਣ ਤੇ ਮੈਂ ਹੈਰਾਨ ਵੀ ਹੋਇਆ ਸਾਂ ਕਿ ਪੰਜਾਬ ਵਿੱਚ ਤਾਂ ਲੋਕੀਂ ਗ਼ਜ਼ਲ ਦੀ ਇਕ ਹੀ ਪੁਸਤਕ ਦਾ ਰੌਲਾ ਰੱਪਾ ਪੁਆਕੇ 'ਮਸ਼ਹੂਰ' ਹੋ

ਜਾਂਦੇ ਹਨ ਪਰ ਪ੍ਰੋ. ਸੰਧੂ ਸਵਾ ਚਾਰ ਸੌ ਸਫਲ ਗ਼ਜ਼ਲਾਂ ਲਿਖਣ ਅਤੇ ਛਪਵਾਉਣ ਪਿਛੋਂ ਵੀ ਗੌਣ ਸਥਿਤੀ ਵਿੱਚ ਕਿਓਂ ਹੈ ?

ਮੈਂ ਸਮਝਦਾ ਹਾਂ ਕਿ ਪ੍ਰੋ. ਸੰਧੂ ਇਕ ਸਫਲ ਪੰਜਾਬੀ ਗ਼ਜ਼ਲਕਾਰ ਹੈ। ਸੰਧੂ ਦੀ ਗ਼ਜ਼ਲ ਬਾਰੇ ਵਿਦਵਾਨਾਂ ਦੀਆਂ ਉਕਤ ਟਿੱਪਣੀਆਂ ਅਤੇ ਆਪਣੇ ਕਥਨ ਦੀ ਸਾਰਥਿਕਤਾ ਲਈ ਮੈਂ ਉਸ ਦੀਆਂ ਗ਼ਜ਼ਲਾਂ ਚੋਂ ਕੁਛ ਸ਼ਿਅਰ ਦੇਣ ਦੀ ਖੁੱਲ ਲੈ ਰਿਹਾ ਹਾਂ। ਏਨੇ ਕੁ ਸ਼ਿਅਰ ਉਸ ਦੀ ਸਮੁੱਚੀ ਸ਼ਾਇਰੀ ਚੋਂ ਕੇਵਲ ਟੂਕ ਮਾਤਰ ਹਨ। ਇਹਨਾਂ ਚੋਂ ਪ੍ਰੋ. ਸੰਧੂ ਦੇ ਵੱਖ ਵੱਖ ਵਿਸ਼ਿਆਂ ਦੇ ਸ਼ਿਅਰਾਂ ਦੇ ਕਿਰਮਚੀ ਰੰਗ ਨਜ਼ਰ ਆਉਂਦੇ ਹਨ। ਸ਼ਾਇਰ ਨੇ ਆਪਣੀ ਗੱਲ ਕਿੰਨੇ ਸਹਿਜ, ਸਲੀਕੇ ਅਤੇ ਸਰਲਤਾ ਨਾਲ ਕੀਤੀ ਹੈ:

- ਕੂੰਜਾਂ ਦੇ ਵਾਂਗ ਯਾਦਾਂ, ਉਤਰਨ ਜਾਂ ਦਿਲ ਦੇ ਵਿਹੜੇ
  ਬੁੱਲਾ ਹਵਾ ਦਾ ਆਵੇ ਸੰਦਲੀ ਫੁਹਾਰ ਵਰਗਾ।
- ਮੈਂ ਜ਼ਿੰਦਗੀ ਚੋਂ ਕਿਸ ਤਰ੍ਹਾਂ ਇਹ ਕਾਲਖਾਂ ਮਿਟਾ ਸਕਾਂ
  ਨਿਤਾਣਿਆਂ ਨੂੰ ਤਾਣ ਦੇਕੇ ਮਾਨ ਵੀ ਦੁਆ ਸਕਾਂ।
  ਕਟਾਕੇ ਪਰ ਵੀ ਸੋਚਦਾਂ ਮੈਂ ਸਾਥੀਆਂ 'ਚ ਜਾ ਰਲਾਂ
  ਤੇ ਪਿੰਜਰੇ ਨੂੰ ਤੋੜਕੇ ਮੈਂ ਤਾਰੀਆਂ ਲਗਾ ਸਕਾਂ।
- ਬਿਨ ਤਿਰੇ ਰੰਗੀਨ ਮੌਸਮ, ਜ਼ਹਿਰ ਜਾਪੇ ਡੁੱਬਿਆ
  ਆਪਣਾ ਜੋ ਘਰ ਕਦੇ ਸੀ, ਸ਼ਹਿਰ ਵਿਚ ਹੈ ਖੋ ਗਿਆ।
- ਦੂਰੀਆਂ ਨੇ ਘਾਣ ਕੀਤਾ, ਪੀੜਿਆ ਹੈ ਵਕਤ ਨੇ
  ਵਾਂਗ ਬਦਲੀ ਬਰਸਕੇ ਤੂੰ, ਫਿਰ ਉਮੀਦਾਂ ਬਰ ਲਿਆ।
- ਰਾਤ ਸਰਦ ਨੂੰ ਦੂਰੋਂ ਜਗਦੇ, ਲਾਟੂ ਦਿਸਦੇ ਬਿਜਲੀ ਦੇ
  ਭੋਰਾ ਨਿੱਘ ਨਾ ਦੇਵਣਗੇ ਤੂੰ, ਬੂਹੇ ਕਾਹਤੋਂ ਭੇੜ ਰਿਹੈਂ।
- ਆਪਣੀਆਂ ਨਾ ਛਾਂਵਾਂ ਜਾਪਣ ਆਪਣੀਆਂ
  ਬਦਲ ਗਈਆਂ ਨੇ ਯਾਰੋ ਹੁਣ ਤੇ ਝਾਕਣੀਆਂ।
- ਠੰਡੀ ਛਾਇਆ ਦੂਰ ਸੁਹਾਂਦੇ ਬਾਗਾਂ ਦੀ
  ਤਪਦੇ ਪੈਰੀਂ ਦੇਵੇ ਕੀ ਧਰਵਾਸਣੀਆਂ।
- ਅੰਧਰਾਤਿਆਂ ਦੇ ਮਾਰੇ ਧਰਮਾਂ ਦੇ ਲੋਕ ਸਾਰੇ
  ਮਜ਼ਹਬ ਨਾ ਹੋਰ ਕੋਈ ਸੁੱਚੇ ਪਿਆਰ ਵਰਗਾ।
- ਫੇਰ ਜਾਪੇ ਬਾਬਰਾਂ ਨੇ, ਹਿੰਦ ਮੱਲੀ ਆਣਕੇ
  ਕਲਮ ਤੇ ਤਲਵਾਰ ਦੇ ਤੂੰ, ਨਾਨਕਾ ਜੌਹਰ ਵਖਾ।
- ਦੇਖੋ ਨਾ ਡੁਬ ਜਾਏ ਕਿਸ਼ਤੀ ਤੂਫਾਨ ਘੇਰੇ
  ਮੰਜ਼ਲ ਨਾ ਪਹੁੰਚ ਪਾਏ ਚੀਰੇ ਨਾ ਜੋ ਹਨੇਰੇ।

ਜਾਂਦੀ ਹਵਾ ਵੀ ਦੇਵੇ ਉਸ ਦੇ ਹੀ ਆ ਸੁਨੇਹੇਂ
ਆਵੇ ਜਾਂ ਯਾਰ ਮੇਰਾ ਮਹਿਕਣਗੇ ਸਭ ਚੁਫੇਰੇ।

- ਸੋਚਾਂ ਉਸ ਦੀ ਯਾਦ ਭਲਾ ਮੈਂ ਕੀ ਕਰਨੀ
  ਪਰ ਨਾ ਪਿੱਛਾ ਛਡਦੀ ਨਿਸ ਦਿਨ ਚਿਤ ਹਰਨੀ।
- ਹਰਮੰਦਰ ਦੀ ਨੀਂਹ ਉਡੀਕੇ, ਮੀਆਂ ਮੀਰੀ ਛੋਹਾਂ ਨੂੰ
  ਵਿਚ ਅਰਦਾਸਾਂ ਨਾਂ ਦਾ ਨੌਂਗਾ, ਕਦ ਤੂੰ ਉਸ ਦਾ ਪਾਵੇਂਗਾ।
- ਇਕ ਤੋਂ ਦੋ ਪੰਜਾਬ ਬਣਾਏ ਧਰਮਾਂ ਦੇ ਟਕਰਾਵਾਂ ਨੇ
  ਮੋਹਨ ਆਕੇ ਫਿਰ ਵੀ ਸਭਨੂੰ ਕਿੱਸੇ ਪੰਜ ਦਰਿਆਵਾਂ ਦੇ।
- ਜ਼ੁਲਮਾਂ ਦੀ ਇਸ ਬੇਲਾ ਅੰਦਰ ਥਾਂ ਥਾਂ ਕਾਤਲ ਠੱਗ ਉਚੱਕੇ
  ਵੰਡੀ ਸਾਰੀ ਧਰਤੀ ਬੈਠੇ ਵੰਡੀ ਬੋਲੀ, ਵੀਰੇ, ਮਾਂਵਾਂ।
  ਵੰਡੇ ਨਾਨਕ ਤੇ ਮਰਦਾਨੇ, ਸਿੰਘ ਫਤਿਹ ਤੇ ਫਤਿਹ ਮੁਹੰਮਦ
  ਰਾਮ ਰਹੀਮਾਂ ਦੀ ਇਸ ਵੰਡੀ ਵੰਡਿਆ ਪੰਜਾਂ ਹੀ ਦਰਿਆਵਾਂ।
- ਮੰਦਰ ਮਸਜਦ ਢਹਿ ਢਹਿ ਉਸਰੇ ਸਿਰ ਲੋਕਾਂ ਦੇ ਨੀਂਹੀਂ ਪਾ
  ਰਹਿਬਰ ਫਿਰ ਹੁਣ ਵਰਤ ਰਹੇ ਨੇ ਓਹੋ ਹੀ ਸ਼ਬਦਾਵਲੀਆਂ।
- ਨਾਂ ਤੇਰੇ ਦਾ ਚੇਤਾ ਛੇੜੇ ਰਾਗਨੀਆਂ
  ਦਰਸ ਤੇਰੇ ਦੀ ਲੋਚਾ ਪਾਵੇ ਫੁੱਮਣੀਆਂ।
- ਵਿੱਚ ਉਡੀਕਾਂ ਸ਼ਾਮੀਂ ਸੂਰਜ ਆ ਢਲਿਆ
  ਕੰਧਾਂ ਵਾਂਗੂੰ ਯਾਦਾਂ ਨੇ ਹੈ ਆ ਵਲਿਆ।
- ਗ਼ਜ਼ਲਾਂ ਤੇ ਗੀਤ ਮੇਰੇ ਹੋਵਣਗੇ ਉਹ ਨਿਸ਼ਾਨੀ
  ਬੋਲੀ ਮੇਰੀ ਜੋ ਦਿੱਤੇ ਯਾਰੋ ਉਧਾਰ ਮੈਨੂੰ।
- ਚਮਕੀ ਹੈ ਆਣ ਊਸ਼ਾ ਰੰਗਾਂ ਦੀ ਉਹ ਜੋ ਰਾਣੀ
  ਲੈਕੇ ਉਧਾਰ ਆਈ ਜੀਕਣ ਨਿਖਾਰ ਤੇਰਾ।
- ਮਿਲਣਾ ਉਹ ਚੋਰੀ ਚੋਰੀ ਤੁਹਮਤ ਕਿਤੇ ਨਾ ਆਵੇ
  ਪਾਤੀ ਫੜਾਕੇ ਛੇਤੀ ਖਿਸਕਣ ਦਾ ਕਰ ਇਸ਼ਾਰਾ।
- ਬੰਦੇ ਨੂੰ ਜੋ ਨਾ ਬੰਦਾ ਜਾਣੇ ਉਹ ਧਰਮ ਕੈਸਾ
  ਜ਼ਾਹਰ ਨੂੰ ਛੋਡ ਟੋਲੇ ਮੜ੍ਹੀਆਂ ਮਸਾਨ ਅੰਦਰ।
- ਚਿੜੀਆਂ ਨੇ ਫੇਰ ਤੋੜਨਾ ਬਾਜ਼ਾਂ ਦੇ ਮਾਨ ਨੂੰ
  ਚਾਰੋਂ ਤਰਫ ਤੋਂ ਉਠਣਾ ਐਸਾ ਤੁਫਾਨ ਹੈ।

- ਮੁਮਕਿਨ ਹੈ ਐਨ ਮੁਮਕਿਨ ਜੀਵਣ ਹਰੇਕ ਥਾਂ
  ਕਰਨੀ ਫਤਿਹ ਹੈ ਮੌਤ ਵੀ ਸਾਡਾ ਗੁਮਾਨ ਹੈ।
- ਸੁੰਨ ਮਸੁੰਨੇ ਆਂਗਣ ਦਿਲ ਦੇ ਖਿੜਦੀ ਯਾਦੀਂ ਮੌਲਸਰੀ
  ਪਲ ਮਿਲਣੀ ਦਾ ਗੁਜ਼ਰ ਗਿਆ ਜੋ ਫੜ ਫੜ ਕੋਲ ਬਹਾਈਦਾ।
- ਜਾਂਦਾ ਹੈ ਯਾਰ ਬੁਝਦਾ ਦੀਪਕ ਸਰੀਰ ਵਾਲਾ
  ਚਾਨਣ ਦੀ ਲੋੜ ਹਾਲੇ ਮੰਗਦਾ ਹੈ ਇਹ ਦੁਆਲਾ।
- ਸਾਰੇ ਅਦੀਬ ਸਾਡੇ ਦੇਕੇ ਗਏ ਜੋ ਸਾਨੂੰ
  ਦੌਲਤ ਮਹਾਨ ਸਾਹਿਤ ਨਾਨਕ ਸੀ ਪਰ ਨਿਰਾਲਾ।
- ਪੰਛੀ ਹਵਾ ਦੇ ਭੰਬੇ ਵਾਂਗੂੰ ਹੈ ਹਾਲ ਮੇਰਾ
  ਘਾਇਲ ਜੋ ਕਰ ਗਈ ਹੈ ਦਿਸਦੀ ਕਟਾਰ ਨਾਹੀਂ।
- ਕਸ਼ਤੀ ਬਣਾ ਤੂੰ ਤਨ ਦੀ ਚੱਪੂ ਬਣਾ ਤੂੰ ਮਨ ਦਾ
  ਬਿਨ ਹੌਸਲੇ ਦੇ ਸੰਧੂ ਹੋਣਾ ਤੂੰ ਪਾਰ ਨਾਹੀਂ।
- ਮੰਜ਼ਲ ਦੀ ਦੂਰੀ ਵਧ ਗਈ ਜਿੰਨੀ ਕੁ ਹੋਰ ਸੀ
  ਓਨੀ ਹੀ ਤੇਜ਼ ਹੋ ਗਈ ਮੇਰੀ ਵੀ ਤੋਰ ਸੀ।
- ਜੀਵਨ ਦੇ ਸਭ ਹਨੇਰੇ ਛਟਦੇ ਨੇ ਪਲਕ ਝਪਕੇ
  ਚਮਕੇ ਜਾਂ ਆ ਸਵੇਰਾ ਨ੍ਹੇਰੇ ਨੂੰ ਲੈ ਕਲਾਵੇ।
- ਸੋਚੋ ਜ਼ਰੂਰ ਬਹਿਕੇ ਨਾ ਵਕਤ ਬੀਤ ਜਾਵੇ
  ਕੋਈ ਉਪਾ ਤੇ ਕਰੀਏ ਧਰਤੀ ਨੂੰ ਜੋ ਬਚਾਵੇ।
- ਜੰਗਾਂ ਦਾ ਇਹ ਕੁਲਹਿਣਾ ਵਧਦਾ ਹੀ ਦੌਰ ਜਾਵੇ
  ਕੋਈ ਤੇ ਵਕਤ ਆਵੇ ਇਸ ਨੂੰ ਜੋ ਠੱਲ੍ਹ ਪਾਵੇ।
- ਲੋਕਾਂ ਦਾ ਰਾਜ ਆਖੇ ਦੁਨੀਆਂ ਤੇ ਮੈਂ ਲਿਆਉਣਾ
  ਗੋਲਾ ਬਰੂਦ ਚਿਣਕੇ ਨੀਹਾਂ ਬਣਾਈ ਫਿਰਦਾ।
- ਤੂੰ ਕਣੀ ਨੂੰ ਕਿਸ ਤਰ੍ਹਾਂ ਦਸ ਸਾਗਰਾਂ ਦਾ ਰੂਪ ਦੇਂ
  ਬੀਜ ਅੰਦਰ ਭੇਤ ਸਾਰੇ ਕਿਵ ਲਕੋ ਫਿਰ ਫੋਲਦਾ।
- ਅਪਣੇ ਲਹੂ ਦੀ ਲਾਟ ਨੂੰ ਚਾਨਣ ਬਣਾਓ ਦੋਸਤੋ
  ਅਕਲਾਂ ਤੇ ਇਲਮਾਂ ਆਸਰੇ ਸਾਥੀ ਜਗਾਓ ਦੋਸਤੋ।
- ਰਾਂਝੇ ਦਾ ਜਾ ਰਿਸ਼ਤਾ ਜੁੜਿਆ ਅਣਡਿੱਠੇ ਹੀ ਥਾਂਵਾਂ ਨਾਲ
  ਬਿਨ ਮਿਲਿਆਂ ਤਾਂ ਟੁਟ ਜਾਂਦੇ ਨੇ ਰਿਸ਼ਤੇ ਭੈਣ ਭਰਾਵਾਂ ਨਾਲ।

- ਨਿਰਮਲ ਮਲੂਕ ਸੁਪਨੇ ਸ਼ਬਦਾਂ ਦੇ ਪਹਿਣ ਵਸਤਰ
  ਦਿਲ ਨੂੰ ਨੇ ਆਣ ਲਾਉਂਦੇ ਕੈਸਾ ਹੁਸੀਨ ਲਾਰਾ।
- ਗ਼ਜ਼ਲਾਂ ਤੇ ਗੀਤ ਮੇਰੇ ਪਰਵਾਜ਼ ਵੀ ਨੇ ਭੁੱਲੇ
  ਕੀਕਣ ਭਰਾਂ ਉਡਾਨਾਂ ਕਤਰੇ ਹੀ ਪਰ ਗਏ ਨੇ।
- ਟੁੰਬੇ ਨਾ ਜੋ ਮਨਾਂ ਨੂੰ ਜੀਵਨ ਨਾ ਸੇਧ ਦੇਵੇ
  ਕਾਹਦੀ ਉਹ ਫਿਰ ਕਲਾ ਹੈ ਜਾਪੇ ਕਲ੍ਹਾ ਕਲੰਦਰ।
- ਜੋ ਧਰਮਾਂ ਦੇ ਨਾਂ ਤੇ ਫਲਾਵਣ ਹਨੇਰੇ
  ਉਹ ਆਖਣ ਗ਼ਰੀਬੀ ਨੂੰ ਰਬ ਦੀ ਹੈ ਮਾਇਆ।
- ਮੇਰੇ ਤੇ ਵਾਲ ਖਿਲਰੇ ਮੇਰੇ ਖ਼ਿਆਲ ਵਾਂਗੂੰ
  ਮੇਰੇ ਨਸੀਬ ਕਿੱਥੇ ਵਾਲਾਂ 'ਚ ਫੁਲ ਸਵਾਰਨੇ।
- ਫਿਰ ਯਾਦਾਂ ਦੀ ਵਾਛੜ ਆਈ ਨੈਣ ਮਿਰੇ ਨੇ ਸਿੱਲ੍ਹੇ ਸਿੱਲ੍ਹੇ
  ਦਿਲ ਮੇਰੇ ਦੇ ਕੰਧਾਂ ਕੋਠੇ ਜਾਪਣ ਥਿੜਕੇ ਹਿੱਲ੍ਹੇ ਹਿੱਲ੍ਹੇ।
- ਗੰਗਾ ਜਲ ਤੇ ਆਬੇ ਜ਼ਮਜ਼ਮ ਪੀਕੇ ਵੇਖੇ
  ਉਸ ਚੋਂ ਮੈਨੂੰ ਹਰਮੰਦਰ ਦੇ ਪੈਣ ਭੁਲੇਖੇ।
- ਮੁਲਕਾਂ ਦੀ ਵੰਡ ਯਾਰੋ ਕੀਤਾ ਸੀ ਘਾਣ ਐਸਾ
  ਜੜ੍ਹ ਹੀ ਪਕੜ ਨਾ ਪਾਏ ਉਮਰਾ ਹੀ ਮਾਤ ਗੁਜ਼ਰੀ।
- ਸੰਧੂ ਨਾ ਪਾ ਖਲਾਰਾ ਸ਼ੇਖੀ ਬਖੇਰ ਨਾਹੀਂ
  ਸ਼ਾਇਰ ਜੋ ਹੁਨਰ ਹਾਸਲ ਅਦਬੀ ਕਮਾਲ ਰੱਖੇ।

ਪ੍ਰੋ. ਸੰਧੂ ਆਪਣੀ ਜਨਮ ਭੂਮੀਂ ਤੋਂ ਵਿੱਛੜਕੇ ਉਸ ਨੂੰ ਯਾਦ ਕਰਦਾ ਹੈ ਪਰ ਉਹ ਮੇਜ਼ਬਾਨ ਦੇਸ਼ ਨੂੰ ਵੀ ਨਹੀਂ ਭੁੱਲਦਾ। ਉਸ ਦੀ ਵਤਨ ਪ੍ਰਤੀ ਹੁੱਬ ਬਾਰ ਬਾਰ ਸ਼ਿਅਰਾਂ ਵਿੱਚ ਝਲਕਦੀ ਹੈ।

ਜਦ ਵਤਨ ਦੀ ਯਾਦ ਆਵੇ ਕੀ ਕਰਾਂ
ਡੁਬ ਡੁਬਾਂਦੇ ਨੈਣ ਧੀਰਜ ਕਿਵ ਧਰਾਂ।
ਇਸ ਗਰਾਂ ਵੀ ਵੰਸ਼ ਮੇਰੀ ਵੱਸਦੀ
ਬੇੜੀਆਂ ਦੋਹਾਂ 'ਚ ਕੱਠਾ ਕਿਵ ਤਰਾਂ।

ਸੰਧੂ ਲੂਣ ਹਲਾਲੀ ਸ਼ਾਇਰ ਹੈ। ਜਿਸ ਵਤਨ ਵਿੱਚ ਜਾ ਵੱਸਿਆ ਹੈ ਉਸ ਪ੍ਰਤੀ ਵੀ ਆਭਾਰੀ ਹੈ:

ਅੰਨ ਪਾਣੀ ਏਸ ਥਾਂ ਵੀ, ਨਿੱਤ ਜੋ ਮੈਂ ਲੈ ਰਿਹਾਂ
ਕਰਜ਼ ਇਹ ਜੋ ਲੈ ਰਿਹਾਂ ਕਿਉਂ, ਨਾ ਚੁਕਾਵਾਂ ਦੋਸਤੋ।

ਉਹ ਸਾਰੀ ਧਰਤ ਨੂੰ ਧਰਤੀ ਮਾਂ ਕਹਿੰਦਾ ਹੈ ਤੇ ਧਰਤੀ ਤੇ ਪਈਆਂ ਲੀਕਾਂ ਨੂੰ ਰੱਦ ਕਰਦਾ ਹੈ:

ਇਹ ਵੀ ਮੇਰੀ ਉਹ ਵੀ ਮੇਰੀ, ਵੰਡ ਪਾਵਾਂ ਕਿੰਜ ਮੈਂ
ਧਰਤ ਮਾਂ ਤੇ ਹਰ ਜਗ੍ਹਾ ਤੇ, ਲੈ ਬਲਾਵਾਂ ਦੋਸਤੋ।

ਸਾਰੀ ਧਰਤੀ ਨੂੰ ਮਾਂ ਸਮਝਣ ਵਾਲੇ ਇਸ ਸ਼ਾਇਰ ਨੇ ਏਸੇ ਭਾਵਨਾ ਅਧੀਨ 2003 ਵਿੱਚ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਦਾ ਪੰਜਾਬੀ ਰੂਪ ਤਿਆਰ ਕਰਕੇ ਕੈਨੇਡਾ ਭਰ ਵਿੱਚ ਨਾਮਨਾ ਖੱਟਿਆ ਜਿਸ ਤੇ ਸਾਨੂੰ ਸਾਰਿਆਂ ਨੂੰ ਬੜਾ ਮਾਨ ਹੈ। ਉਸ ਨੇ 'ਓ ਕੈਨੇਡਾ' ਦਾ ਹਿੰਦੀ ਤੇ ਉਰਦੂ ਰੂਪਾਂਤਰ ਤਿਆਰ ਕਰਕੇ ਇਕ ਹੋਰ ਮੱਲ ਮਾਰੀ ਹੈ। 2005 ਵਿੱਚ ਜਦ ਕੈਨੇਡਾ ਦਾ ਅਲਬਰਟਾ ਸੂਬਾ ਆਪਣਾ 100ਵਾਂ ਜਨਮ ਦਿਨ ਮਨਾ ਰਿਹਾ ਸੀ ਤਾਂ ਸ਼ਮਸ਼ੇਰ ਸਿੰਘ ਸੰਧੂ ਨੇ ਮੈਰੀ ਕੈਫਟਨਬੈਲਡ ਦੁਆਰਾ ਲਿਖੇ ਗੀਤ 'ਅਲਬਰਟਾ' ਦਾ ਬਹੁਤ ਖ਼ੂਬਸੂਰਤ ਪੰਜਾਬੀ ਰੂਪਾਂਤਰ ਤਿਆਰ ਕੀਤਾ। ਉਸ ਦੀਆਂ ਇਹ ਪ੍ਰਾਪਤੀਆਂ ਕੈਨੇਡਾ ਦੇ ਇਤਹਾਸ ਵਿੱਚ ਸਦਾ ਯਾਦ ਰੱਖੀਆਂ ਤੇ ਸਰਾਹੀਆਂ ਜਾਣਗੀਆਂ।

ਸ਼ਮਸ਼ੇਰ ਸਿੰਘ ਸੰਧੂ ਦਾ ਤਿਆਰ ਕੀਤਾ 'ਓ ਕੈਨੇਡਾ' ਦਾ ਪੰਜਾਬੀ ਰੂਪ ਕੈਨੇਡਾ ਦੇ ਅਰਕਾਈਵਜ਼ ਵਿੱਚ ਰੱਖਿਆ ਗਿਆ ਹੈ। ਇਸ ਤੋਂ ਇਲਾਵਾ 'ਓ ਕੈਨੇਡਾ' ਦਾ ਪੰਜਾਬੀ ਰੂਪ ਅਤੇ 'ਅਲਬਰਟਾ' ਦਾ ਪੰਜਾਬੀ ਅਨੁਵਾਦ ਅਲਬਰਟਾ ਅਸੈਂਬਲੀ ਦੇ ਸਥਾਈ ਰੀਕਾਰਡ ਤੇ ਰੱਖੇ ਗਏ ਹਨ ਜੋ ਪੰਜਾਬੀਆਂ, ਪੰਜਾਬੀ ਬੋਲੀ ਅਤੇ ਸੰਧੂ ਲਈ ਬੜੇ ਮਾਨ ਦੀ ਗੱਲ ਹੈ।

ਸੰਧੂ ਦੀ ਸੋਚ ਹੱਦਾਂ ਦਿਸਹੱਦਾਂ ਤੋਂ ਪਾਰ ਜਾ ਕੇ ਚੇਤਨ ਅੱਖ ਨਾਲ ਵੇਖਦੀ ਹੈ। ਉਹ ਸੰਸਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਨਿਰਾ ਸੁਚੇਤ ਹੀ ਨਹੀਂ ਸਗੋਂ ਉਹਨਾਂ ਨੂੰ ਸ਼ਿਅਰਾਂ ਵਿੱਚ ਢਾਲਦਾ ਹੈ। ਰਾਵਨਾਂ ਦੁਰਯੋਧਨਾਂ ਦੇ ਵੱਡੇ ਭਰਾ ਅਮਰੀਕਾ ਵੱਲੋਂ 'ਸੰਸਾਰ ਪੁਲਸੀਏ' ਦਾ ਰੋਲ ਉਸ ਨੂੰ ਰਤਾ ਨਹੀਂ ਭਾਉਂਦਾ:

- ਲੋਕਤੰਤਰ ਦਾ ਮਖੌਟਾ, ਪਾ ਫਰੰਗੀ ਭੂਤਿਆ
  ਅੱਗ ਤੇ ਅਸਪਾਤ ਵਰਤੇ, ਜਗਤ ਸਾਰਾ ਲੈ ਡਰਾ।
  ਆਪ ਵਣਜੀ ਅੱਗ ਦਾ ਤੇ, ਖ਼ੁਦ ਕਰਾਵੇ ਅਮਨ ਇਹ
  ਰਾਵਨਾਂ ਦੁਰਯੋਧਨਾਂ ਦਾ, ਲੱਗਦਾ ਵੱਡਾ ਭਰਾ।
- ਜੰਗਾਂ ਗਲੀ ਗਲੀ ਹੁਣ ਜ਼ਾਲਮ ਨੇ ਰੁੱਧੀਆਂ ਨੇ
  ਪੱਤੇ ਜ਼ਤੂਨ ਦੇ ਹੁਣ ਫੜਨੇ ਕੀ ਘੁੱਗੀਆਂ ਨੇ।

ਤਾਜਰ ਇਹ ਮੌਤ ਵਾਲੇ ਰਾਖੇ ਬਣੇ ਜਦੋਂ ਦੇ
ਬਸਤੀ ਵਿਰਾਨ ਹਰ ਥਾਂ ਮੌਤਾਂ ਹੀ ਉਗੀਆਂ ਨੇ।

ਅਮਰੀਕਾ ਵੱਲੋਂ ਈਰਾਕ ਤੇ ਹੋਏ ਹਮਲੇ ਨੂੰ ਵੇਖ ਸੰਧੂ ਕੂਕ ਉਠਿਆ:

ਫਿਰ ਫਰੰਗੀ ਕਰ ਵਖਾਇਆ, ਹੋਰ ਕਾਰਾ ਦੋਸਤੋ
ਘੁੱਗ ਵਸਦਾ ਦੇਸ ਢਾਇਆ, ਏਸ ਸਾਰਾ ਦੋਸਤੋ।
ਇਹ ਅਜ਼ਾਦੀ ਵੰਡਦਾ ਹੈ, ਸਾੜਕੇ ਘਰ ਬਾਰ ਨੂੰ
ਜ਼ੁਲਮ ਇਸ ਦਾ ਵਧ ਗਿਆ ਹੈ, ਬੇਸ਼ੁਮਾਰਾ ਦੋਸਤੋ।

ਪ੍ਰੋ. ਸੰਧੂ ਦੇ ਕਈ ਖ਼ੂਬਸੂਰਤ ਸ਼ਿਅਰ ਅੰਧਵਿਸ਼ਵਾਸ ਵਿਰੁੱਧ ਹਨ। ਉਹ ਧਰਮ ਦੇ ਪਰਦੇ ਹੇਠ ਲੁਕੇ ਅਧਰਮੀਆਂ ਨੂੰ ਆਢੇ ਹੱਥੀਂ ਲੈਂਦਾ ਹੈ:

ਮੰਦਰ ਮਸਜਦ ਮੱਲੀ ਬੈਠੈ, ਹਰ ਥਾਂ ਟੋਲੇ ਠੱਗਾਂ ਦੇ
ਤਾੜੀ ਲਾ ਕੇ ਬੈਠੇ ਸਾਰੇ, ਕਿਸ ਛਤਰੀ ਤੇ ਆਵੇਂਗਾ।

ਸੰਧੂ ਧਰਮ ਵਿਰੋਧੀ ਨਹੀਂ ਉਹ ਧਰਮ ਤੇ ਪਾਖੰਡ ਦਾ ਨਖੇੜਾ ਬਾਖ਼ੂਬੀ ਕਰਦਾ ਹੈ:

ਧਰਮ ਬਿਨ ਵੀ ਬੇਤੁਕੀ ਹੈ, ਜ਼ਿੰਦਗੀ ਤੂੰ ਜਾਣ ਲੈ
ਧਰਮ ਹੀ ਕਰਦਾ ਅਸਾਨੂੰ, ਵੀ ਸਮੇਂ ਦੇ ਹਾਨ ਦਾ।
ਜੋ ਅਸਾਨੂੰ ਵੱਖ ਕਰਦਾ, ਪਾੜਦਾ ਵਿਚ ਟੋਲਿਆਂ
ਇਸ ਤਰਾਂ ਦਾ ਵੱਖ ਵਾਦੀ, ਧਰਮ ਨਾ ਇਨਸਾਨ ਦਾ।

ਗੁਰਬਾਣੀ ਦੀ ਨਰੋਈ ਸੋਚ ਦਾ ਅਸਰ ਉਸ ਤੇ ਪ੍ਰਤੱਖ ਹੈ:

ਛੱਡ ਦੁਆਰੇ ਮੰਦਰ ਮਸਜਦ, ਜੇ ਤੂੰ ਉਸ ਨੂੰ ਪਾਣਾ ਹੈ
ਪਹਿਚਾਨ ਸ਼ਕਲ ਹਰ ਬੰਦੇ ਵਿਚ, ਜੋ ਉਸ ਚੋਜੀ ਧਾਰੀ ਹੈ।

ਉਹ ਔਕੜਾਂ ਤੇ ਮੁਸ਼ਕਲਾਂ ਦਾ ਟਾਕਰਾ ਕਰਨ ਤੇ ਹੌਸਲੇ ਦੀ ਜੋਤ ਜਗਾਉਣ ਲਈ ਪ੍ਰੇਰਦਾ ਹੈ ਤੇ ਅਮਨ ਦੀ ਲੋਚਾ ਕਰਦਾ ਹੈ:

ਜੋਤ ਸਾਹਸ ਦੀ ਜਗਾ ਤੂੰ, ਜੋਤ ਸਾਹਸ ਦੀ ਜਗਾ
ਰਾਹ ਬਿਖੜੇ ਹੋਣ ਤੇ ਵੀ, ਸਾਥੀਆ ਤੂੰ ਮੁਸਕਰਾ।
ਜਲ ਰਹੇ ਇਸ ਜਗਤ ਨੂੰ ਹੈ, ਲੋੜ ਅਮਨਾਂ ਦੀ ਬੜੀ
ਇਸ ਧੁਆਂਖੀ ਧਰਤ ਉੱਤੇ, ਮੀਂਹ ਅਮਨਾਂ ਦਾ ਵਸਾ।

ਉਹ ਸੌੜੇ ਘੇਰਿਆਂ ਨੂੰ ਤੋੜਕੇ ਮਾਨਵ ਜ਼ਾਤ ਲਈ ਰਾਹ ਉਜਲੇ ਕਰਨਾ ਲੋਚਦਾ ਹੈ:

ਯਾਦ ਰੱਖੇਗਾ ਜ਼ਮਾਨਾ, ਓਸ ਨੂੰ ਹੀ ਦੋਸਤਾ
ਰਾਹ ਮਾਨਵ ਦੇ ਲਈ ਜੋ, ਉੱਜਲੇ ਹੈ ਕਰ ਗਿਆ।

ਇੱਟਾਂ ਪੱਥਰਾਂ ਤੇ ਸੰਗਮਰਮਰ ਨਾਲ ਬਣੇ ਮਕਾਨ ਅਤੇ ਘਰ ਵਿਚਾਲੇ ਅੰਤਰ ਦਾ ਸੰਧੂ ਨੂੰ ਖ਼ੂਬ ਗਿਆਨ ਹੈ:

ਇਕ ਮਕਾਨੋ ਘਰ ਬਣਾਇਆ, ਸੀ ਜੁ ਤੇਰੇ ਸਾਥ ਨੇ ......
..... ਨਾਮ ਉਸ ਦਾ ਮੈਂ ਤਦੇ ਸੀ, ਵਾਂਗ ਅਪਣੇ ਘਰ ਲਿਆ।

ਘਰ ਸਭਿਆਚਾਰ ਦੀ ਮੁਢਲੀ ਇਕਾਈ ਹੁੰਦਾ ਹੈ, ਘਰ ਆਦਮੀਂ ਦੇ ਖੰਭ ਹੁੰਦੇ ਹਨ। ਘਰ ਪ੍ਰਤੀ ਮੁਹੱਬਤ ਬਾਰੇ ਸੰਧੂ ਨੇ ਕਈ ਸ਼ਿਅਰ ਕਹੇ ਹਨ:

ਕਰ ਬਸੇਰਾ ਏਸ ਥਾਂ ਤੇ, ਆਲ੍ਹਣਾ ਤੂੰ ਲੈ ਬਣਾ
ਦਿਲ ਦਾ ਪੰਛੀ ਜੇਸ ਥਾਂ ਤੇ, ਭਰ ਉਡਾਰੀ ਆ ਗਿਆ।

ਪਦਾਰਥਵਾਦੀ ਰੁਚੀਆਂ ਦਾ ਗ੍ਰਸਿਆ ਮਨੁੱਖ ਵਧੇਰੇ ਖ਼ੁਦਗਰਜ਼ ਤੇ ਦੂਜਿਆਂ ਪ੍ਰਤੀ ਪੱਥਰ ਦਿਲ ਬਣਦਾ ਜਾ ਰਿਹਾ ਹੈ। ਸ਼ਾਇਰ ਸੰਧੂ ਚਾਹੁੰਦਾ ਹੈ ਕਿ ਬਰਛੇ ਨੇਜ਼ੇ ਤਜਕੇ ਵਾਂਸ ਦੀ ਉਸ ਪੋਰੀ ਨੂੰ ਬੰਸੀ ਬਣਾਉਣ ਦੀ ਲੋੜ ਹੈ ਜਿਸ ਵਿੱਚੋਂ ਮਿੱਠੇ ਸਵਰ ਨਿਕਲਣ:

ਪੱਥਰ ਬਣਦੇ ਜਾਂਦੇ ਦਿਲ ਦਾ, ਕਰਨਾ ਕੋਈ ਇਲਾਜ ਬਣੇ
ਤੱਜੋ ਨੇਜੇ ਬਰਛੇ ਛੇਦੋ, ਬੰਸੀ ਦੀ ਇਹ ਵਾਜ ਬਣੇ।

ਦਾਜ ਦੀ ਲਾਹਣਤ ਨੂੰ ਖ਼ਤਮ ਕਰਨ ਦਾ ਹੱਲ ਦੱਸਦਿਆਂ ਸ਼ਾਇਰ ਕਹਿੰਦਾ ਹੈ:

ਸਭ ਤੋਂ ਵੱਡਾ ਗਹਿਣਾ ਵਿਦਿਆ, ਧੀਆਂ ਨੂੰ ਜੋ ਦੇ ਸਕਦੇ
ਸਾਰੇ ਮਾਪੇ ਚਾਰਾ ਕਰੀਏ, ਵਿਦਿਆ ਧੀ ਦਾ ਦਾਜ ਬਣੇ।

ਸੰਸਾਰ ਪੱਧਰ ਤੇ ਵਸੋਂ ਪ੍ਰੀਵਰਤਨ ਸਦਕਾ ਸਾਰੀ ਦੁਨੀਆਂ ਇਕ ਪਿੰਡ ਸਮਾਨ ਬਣਦੀ ਜਾ ਰਹੀ ਜਿਸ ਵਿੱਚ ਇਨਸਾਨ ਦੇ ਸੈਂਕੜੇ ਧਰਮ, ਸਭਿਆਚਾਰ, ਸਾਥੋਂ ਕੱਟੜਪਣ ਤਿਆਗਕੇ ਲਚਕੀਲੇ ਪਣ ਦੀ ਮੰਗ ਕਰਦੇ ਹਨ। ਕਿਸੇ ਕਿਸਮ ਦਾ ਵੀ ਕੱਟੜਪਣ ਮਾਨਵ ਲਈ ਸਦਾ ਘਾਤਕ ਹੈ ਤੇ ਘਾਤਕ ਰਿਹਾ ਹੈ:

ਤੋਤੇ ਰਟਨਾ ਦਾ ਨਾ ਕੋਈ, ਲਾਭ ਕਦੇ ਵੀ ਹੋਇਆ ਹੈ
ਕੱਟੜਪਣ ਨੇ ਇਸ ਦੁਨੀਆਂ ਤੇ, ਲੱਖਾਂ ਖ਼ਲਕਤ ਮਾਰੀ ਹੈ।

ਵੱਡ ਆਕਾਰੀ ਦੈਂਤ ਰੂਪ ਧਾਰੀ ਕੰਪਨੀਆਂ ਨਿੱਤ ਨਵੀਂਆਂ ਤਕਨੀਕਾਂ ਨਾਲ ਹਰੇਕ ਨੂੰ ਆਪਣਾ ਗੁਲਾਮ ਬਣਾਈ ਜਾ ਰਹੀਆਂ ਹਨ। ਐਥੋਂ ਤਕ ਕਿ ਉਹਨਾਂ ਦਾ ਯਤਨ ਹੈ ਕਿ

ਕਿਰਸਾਨ ਬੀਜ ਵੀ ਆਪ ਪੈਦਾ ਨਾ ਕਰ ਸਕਣ ਅਤੇ ਉਸ ਲਈ ਵੀ ਕਿਸਾਨਾਂ ਨੂੰ ਉਹਨਾਂ ਤੇ ਹੀ ਨਿਰਭਰ ਕਰਨਾ ਪਵੇ:

ਛੇੜਿਆ ਕੀ ਸਿਲਸਲਾ ਹੈ, ਨਾਮ ਲੈ ਵਿਗਆਨ ਦਾ
ਬੀਜ ਵੀ ਹੁਣ ਖੁਹ ਰਿਹਾ ਹੈ, ਹੱਥ ਚੋਂ ਕਿਰਸਾਨ ਦਾ।

ਪਰ ਸਿਰ ਉਠਾਕੇ ਜੀਣ ਲਈ ਸਦਾ ਕੁਰਬਾਨੀਆਂ ਦੀ ਲੋੜ ਹੈ:

ਸਿਰ ਉਠਾਕੇ ਜੀਣ ਲਈ ਨੇ ਲਾਜ਼ਮੀਂ ਕੁਰਬਾਨੀਆਂ
ਸਿਦਕ ਸੰਧੂ ਇਸ ਤਰ੍ਹਾਂ ਹੈ ਰੂਪ ਚੰਡੀ ਧਾਰਦਾ।

ਧਰਤੀ ਤੇ ਜੰਗਾਂ ਕਾਰਣ ਅੱਜ ਅਮਨ ਦੇ ਬੁਧ ਵਰਗੇ ਫਲਾਸਫਰਾਂ ਤੇ ਪਿਕਾਸੋ ਵਰਗੇ ਕਲਾਕਾਰਾਂ ਨੂੰ ਵੀ ਕੋਈ ਨਹੀਂ ਪੁੱਛਦਾ:

ਕਬਰੀਂ ਪਿਆ ਪਿਕਾਸੋ ਬੁੱਧਾਂ ਦੇ ਹੋਏ ਟੋਟੇ
ਥਾਂ ਥਾਂ ਤੇ ਗੋਲੀਆਂ ਹੀ ਧਰਤੀ ਤੇ ਉਗੀਆਂ ਨੇ।

ਪ੍ਰੋ. ਸੰਧੂ ਉਚੇਰੀ ਚੇਤਨਤਾ ਦਾ ਸ਼ਾਇਰ ਹੈ। ਉਹ ਉਸ ਲੋਅ ਨੂੰ ਕਾਲਖ ਬ੍ਰਾਬਰ ਸਮਝਦਾ ਹੈ ਜੋ ਲੋਕਾਂ ਦੇ ਹਨੇਰੇ ਦੂਰ ਕਰਨ ਦੀ ਥਾਂ ਮਹਿਜ਼ ਦਿਖਾਵੇ ਮਾਤਰ ਹੈ:

ਮੇਲੇ ਤਾਂ ਦੀਵਿਆਂ ਦੇ ਕਬਰੀਂ ਵੀ ਆਣ ਲਗਦੇ
ਰਾਹਾਂ ਕਰੇ ਜੋ ਰੌਸ਼ਨ ਦੀਵੇ ਤੂੰ ਰੱਖ ਜਗਦੇ।

ਜਿਸ ਬਸ਼ਰ ਦੀ ਅੱਖ ਦਾ ਪਾਣੀ ਮਰ ਜਾਵੇ ਉਹ ਮਾਨਵੀ ਪ੍ਰੇਮ ਤੋਂ ਹੀਣਾ ਹੋ ਨਿਬੜਦਾ ਹੈ। ਨੈਣਾਂ ਦਾ ਨੀਰ ਜ਼ਿੰਦਗੀ ਦੀ ਕਦੂਰਤ ਨੂੰ ਧੋ ਕੱਢਦਾ ਹੈ:

ਨਿਰਮਲ ਅਕਾਸ਼ ਹੋਵੇ ਬਰਖਾ ਤੋਂ ਬਾਅਦ ਜੀਕਣ
ਧੋਵਣ ਗਿਲੇ ਗੁਜ਼ਾਰੀ ਨੈਣਾਂ ਦੇ ਨੀਰ ਖਾਰੇ।

ਜਦ ਆਦਮੀ ਦੇ ਸੁਪਨੇ ਮਰ ਜਾਂਦੇ ਹਨ ਤਾਂ ਉਸ ਕੋਲ ਬਾਕੀ ਕੁਛ ਵੀ ਨਹੀਂ ਰਹਿ ਜਾਂਦਾ:

ਦੱਸਾਂ ਕੀ ਹਾਲ ਤੈਨੂੰ ਡਾਢਾ ਬੁਰਾ ਹੈ ਹੋਇਆ
ਰੀਝਾਂ ਦੀ ਮੌਤ ਹੋਈ ਆਸਾਂ ਦਾ ਹੈ ਨੜੋਇਆ।

ਪ੍ਰੋ. ਸੰਧੂ ਦੀਆਂ ਗ਼ਜ਼ਲਾਂ ਵਿੱਚ ਹਰ ਉਹ ਖ਼ੂਬੀ ਆਪਣਾ ਜਲਵਾ ਵਿਖਾ ਰਹੀ ਹੈ ਜੋ ਕਿ ਵਧੀਆ ਗ਼ਜ਼ਲਾਂ ਵਿੱਚ ਹੋਣੀ ਲਾਜ਼ਮੀਂ ਹੁੰਦੀ ਹੈ। ਐਨੇ ਛੋਟੇ ਲੇਖ ਵਿੱਚ ਸਵਾ ਚਾਰ ਸੌ ਗ਼ਜ਼ਲਾਂ ਬਾਰੇ ਵਿਸਤਾਰ ਨਾਲ ਸਾਰੀਆਂ ਖ਼ੂਬੀਆਂ ਬਿਆਨ ਕਰਨਾ ਔਖਾ ਹੈ ਪਰ ਉਸ ਦੀਆਂ ਸਮੁੱਚੀਆਂ ਗ਼ਜ਼ਲਾਂ ਬਾਰੇ ਕੁਛ ਸਪਸ਼ਟ ਧਾਰਨਾਵਾਂ ਕਾਇਮ ਕੀਤੀਆਂ ਜਾ ਸਕਦੀਆਂ ਹਨ ਜਿਵੇਂ:

**ਸਾਦਗੀ ਤੇ ਸਪਸ਼ਟਤਾ:**

ਅੱਜਕਲ ਗ਼ਜ਼ਲ ਦੇ ਸ਼ਿਅਰਾਂ ਨੂੰ ਨਵੇਂ ਭਾਵ ਬੋਧ ਦਾ ਅਖੌਤੀ ਨਾਮ ਦੇ ਕੇ ਉਲਝਾਉਣ ਦਾ ਫੈਸ਼ਨ ਹੋ ਗਿਆ ਹੈ। ਜਦ ਸ਼ਿਅਰ ਦੇ ਅਰਥ ਸਾਦਗੀ ਭਰਪੂਰ ਨਹੀਂ ਰਹਿੰਦੇ ਤਦ ਉਸ ਗ਼ਜ਼ਲ ਤੇ ਅਖੌਤੀ ਅਲੋਚਕਾਂ ਤੇ ਖੜਪੈਂਚਾਂ ਵੱਲੋਂ ਵਾਹ ਵਾਹ ਕੀਤੀ ਜਾਂਦੀ ਹੈ। ਪਰ ਪਾਠਕ ਤੇ ਸਰੋਤੇ ਦੇ ਪੱਲੇ ਕੁਛ ਨਹੀਂ ਪੈਂਦਾ। ਸ਼ਾਇਰ ਸੰਧੂ ਦੇ ਸ਼ਿਅਰ ਸਰਲਤਾ, ਤਰਲਤਾ ਅਤੇ ਤਾਜ਼ਗੀ ਦੇ ਨਾਲ ਨਾਲ ਸਾਦਗੀ ਭਰਪੂਰ ਹਨ। ਉਹ ਵੱਡੇ ਵੱਡੇ ਵਿਸ਼ਿਆਂ ਨੂੰ ਵੀ ਸਰਲਤਾ ਨਾਲ ਪੇਸ਼ ਕਰਨ ਜਾਣਦਾ ਹੈ:

ਇਕ ਫੌਜ ਨ੍ਹੇਰਿਆਂ ਦੀ ਆਈ ਤੁਫਾਨ ਬਣਕੇ
ਕੁਛ ਨਾ ਵਗਾੜ ਹੋਇਆ ਉਸ ਤੋਂ ਵੀ ਰੌਸ਼ਨੀ ਦਾ।

ਏਥੇ ਵੇਖਣ ਵਾਲੀ ਗੱਲ ਇਹ ਹੈ ਕਿ ਸਾਦਗੀ ਵਿੱਚ ਵੀ ਕਲਾ ਗਾਇਬ ਨਹੀਂ ਹੁੰਦੀ ਤੇ ਨਾ ਹੀ ਸਪਾਟ ਬਿਆਨੀ ਕੀਤੀ ਮਿਲਦੀ ਹੈ।

**ਸੁੰਦਰਤਾ ਭਰਪੂਰ ਬਿਆਨ:**

ਸਾਹਿਤ ਦੇ ਤਿੰਨ ਜ਼ਰੂਰੀ ਲੱਖਣ ਮਿਥੇ ਗਏ ਹਨ; ਸਤਿਅਮ, ਸ਼ਿਵਮ ਤੇ ਸੁੰਦਰਮ। ਜਿਸ ਗ਼ਜ਼ਲ ਵਿੱਚ ਸੁੰਦਰਤਾ ਦੇ ਦਰਸ਼ਨ ਨਹੀਂ ਹੁੰਦੇ ਅਤੇ ਸ਼ਿਅਰ ਪਾਠਕ ਦੇ ਮਨ ਨੂੰ ਤਰੋਤਾਜ਼ਗੀ ਨਹੀਂ ਬਖ਼ਸ਼ਦੇ ਉਹ ਸ਼ਿਅਰ ਨਹੀਂ। ਪ੍ਰੋ. ਸੰਧੂ ਦੇ ਸਾਰੇ ਹੀ ਸ਼ਿਅਰ ਸੁੰਦਰ ਬਿਆਨੀ ਦਾ ਨਮੂਨਾ ਹਨ:

ਸੂਰਜ ਹੈ ਆਣ ਚੜ੍ਹਿਆ ਰੀਝਾਂ ਦੇ ਆ ਸਵੇਰੇ
ਮੁਸਕਾਨ ਇਕ ਅਨੂਠੀ ਖੋਲ੍ਹੇ ਨੇ ਭਾਗ ਮੇਰੇ।
ਨਸ਼ਿਆ ਗਿਆ ਹੈ ਸਾਰਾ ਮੇਰਾ ਤੇ ਸਭ ਚੁਫੇਰਾ
ਅਤਰਾਂ ਦੇ ਨਾਲ ਭਿੱਜੇ ਕੁੰਡਲ ਤੂੰ ਜਾਂ ਖਿਲੇਰੇ।

**ਤਸ਼ਬੀਹ, ਤੁਲਨਾ ਜਾਂ ਉਪਮਾ ਅਲੰਕਾਰ :**

ਕਿਸੇ ਵਸਤ ਜਾਂ ਵਰਤਾਰੇ ਨੂੰ ਕਿਸੇ ਹੋਰ ਵਸਤ ਜਾਂ ਵਰਤਾਰੇ ਨਾਲ ਤੁਲਨਾ ਦੇਣ ਦੀ ਕਲਾ ਨੂੰ ਉਪਮਾਂ ਅਲੰਕਾਰ ਕਹਿੰਦੇ ਹਨ। ਸੰਧੂ ਦੇ ਸ਼ਿਅਰਾਂ ਵਿੱਚ ਇਸ ਦੀ ਕਮਾਲ ਦੀ ਪੇਸ਼ਕਾਰੀ ਹੈ:

ਪੰਛੀ ਦੇ ਵਾਂਗ ਉਡਦਾ ਤੇ ਤੈਰਦਾ ਹੀ ਜਾਵੇ
ਤੇਰਾ ਖ਼ਿਆਲ ਆਵੇ ਤਕਦੀਰ ਮੁਸਕਰਾਵੇ।
ਪਰ ਵੀ ਨਾ ਮਾਰ ਸਕਦਾ ਉਸ ਥਾਂ ਤੇ ਹੋਰ ਕੋਈ
ਜਿਸ ਥਾਂ ਖ਼ਿਆਲ ਤੇਰਾ ਆਕੇ ਧਮਾਲ ਪਾਵੇ।
ਸੂਰਜ ਦੇ ਨਿੱਘ ਵਰਗਾ ਸਜਣਾ ਪਿਆਰ ਤੇਰਾ

ਜੀਵਨ ਨੂੰ ਹਰ ਦਿਸ਼ਾ ਤੋਂ ਰੌਸ਼ਨ ਪਿਆ ਬਣਾਵੇ।
ਕਾਲੇ ਬਦਲਾਂ ਦੇ ਜਦ ਕਿੰਗਰੇ, ਲਟਲਟ ਕਰਦੇ ਚਾਨਣ ਨਾਲ
ਜਾਪੇ ਜੀਕਣ ਲਸ਼ ਲਸ਼ ਕਰਦਾ, ਮੱਥਾ ਤੇਰਾ ਖੁੱਲੇ ਵਾਲ।

ਉਕਤ ਸ਼ਿਅਰਾਂ ਵਿੱਚ ਰੂਪਕ ਅਲੰਕਾਰ ਵੀ ਝਲਕਦਾ ਹੈ। ਉਸ ਨੇ ਬਹੁਤ ਸਾਰੇ ਸ਼ਿਅਰਾਂ ਵਿੱਚ ਐਸੇ ਗੁਣ ਪੈਦਾ ਕੀਤੇ ਹਨ:

ਚਾਨਣ 'ਚ ਨ੍ਹਾਕੇ ਯਾਰਾ ਨਿਖਰੇ ਨੇ ਅੰਗ ਤੇਰੇ
ਫੁੱਲਾਂ ਦੀ ਸੇਜ ਉੱਤੇ ਉਤਰੇ ਜਿਵੇਂ ਸਵੇਰੇ।
ਕਲੀਆਂ ਦੇ ਵਾਂਗ ਖਿੜਦੀ ਮੁਖੜੇ ਬਹਾਰ ਤੇਰੇ
ਬੋਲਾਂ ਚੋਂ ਮਹਿਕ ਆਵੇ ਹਾਸਾ ਵੀ ਫੁੱਲ ਕੇਰੇ।

**ਦਰਿਸ਼ ਚਿਤਰਨ ਜਾਂ ਮੰਜ਼ਰਕਸ਼ੀ:**

ਬੜੀ ਵੇਰ ਸ਼ਾਇਰ ਆਪਣੇ ਅਨੂਠੇ ਸ਼ਬਦਾਂ ਰਾਹੀਂ ਧਰਤੀ ਦੇ ਕਿਸੇ ਟੁਕੜੇ ਦਾ, ਵਿਹਾਰ ਦਾ ਜਾਂ ਜ਼ਿੰਦਗੀ ਦੀ ਸਰਗਰਮੀਂ ਦਾ ਦ੍ਰਿਸ਼ ਇਨ ਬਿਨ ਪਾਠਕਾਂ ਦੇ ਸਾਹਮਣੇ ਲਿਆ ਦੇਵੇ ਤਾਂ ਕਾਵਿ ਵਿੱਚ ਇਹ ਗੁਣ ਪੈਦਾ ਹੁੰਦਾ ਹੈ। ਸੰਧੂ ਦੇ ਸ਼ਿਅਰਾਂ ਵਿੱਚ ਇਹ ਗੁਣ ਜ਼ਿਕਰ ਯੋਗ ਹੈ:

ਫੇਰ ਕਬੂਤਰ ਦਾ ਇਕ ਜੋੜਾ ਬੈਠਾ ਆਣ ਬਨੇਰੇ ਤੇ
ਮੇਰੀ ਨਾ ਤਨਹਾਈ ਜਾਵੇ ਕੋਹੇ ਸ਼ਾਮ ਸਵੇਰੇ ਤੇ।

ਤੇਰੀ ਛਵੀ ਹੀ ਨਜ਼ਰ ਆਵੇ ਹਰ ਜਗ੍ਹਾ
ਪਲ ਪਲ ਨਿਹਾਰਾਂ ਘਰ 'ਚ ਤੇਰੀ ਜੋ ਵੀ ਸ਼ੈ।

**ਵਿਅੰਗ ਜਾਂ ਤਨਜ਼ :**

ਸ਼ਾਇਰੀ ਵਿੱਚ ਗੰਭੀਰ ਤਨਜ਼ ਜਾਂ ਵਿਅੰਗ ਦੀ ਖ਼ਾਸ ਥਾਂ ਹੁੰਦੀ ਹੈ। ਬੜੀ ਵੇਰ ਤਨਜ਼ ਦੀ ਪੇਸ਼ਕਾਰੀ, ਗੰਭੀਰ ਵਿਸ਼ੇ ਦੀ ਪੇਸ਼ਕਾਰੀ ਨੂੰ ਵੀ ਆਸਾਨ ਅਤੇ ਪਾਠਕ, ਸਰੋਤੇ ਨੂੰ ਝੰਜੋੜਣ ਵਾਲੀ ਹੋ ਜਾਂਦੀ ਹੈ। ਐਸੀ ਪੇਸ਼ਕਾਰੀ ਹੈ ਕਿ ਜੇਕਰ ਸਿੱਧੀ ਗੱਲ ਕੀਤੀ ਜਾਂਦੀ ਤਾਂ ਉਸਦਾ ਐਸਾ ਅਸਰ ਨਹੀਂ ਸੀ ਹੋਣਾ। ਜ਼ਰਾ ਵੇਖੋ:

ਕੈਸੀ ਤੇਹ ਮਿਟਾਵਣ ਖ਼ਾਤਰ, ਪੁੱਠੇ ਖੂਹ ਤੂੰ ਗੇੜ ਰਿਹੈਂ
ਰਾਹੇ ਜਾਂਦੇ ਜਾਣੇ ਬੁੱਝੇ, ਉਂਗਲੀ ਦੇਕੇ ਛੇੜ ਰਿਹੈਂ।

**ਵਿਰੋਧਾਭਾਸ ਜਾਂ ਤਕਰਾਰ :**

ਜਦ ਇਕ ਹੀ ਸ਼ਿਅਰ ਜਾਂ ਮਿਸਰੇ ਵਿੱਚ ਦੋ ਵਿਰੋਧੀ ਸ਼ਬਦ ਇਕ ਹੀ ਅਰਥ ਨੂੰ ਪਹੁੰਚਣ ਤਾਂ ਇਹ ਖ਼ੂਬੀ ਪੈਦਾ ਹੁੰਦੀ ਹੈ। ਜਿਵੇਂ ਸੰਧੂ ਦਾ ਸ਼ਿਅਰ ਹੈ:

ਜ਼ੁਲਮੋਂ ਸਿਤਮ ਕਰਦਾ ਰਿਹਾ ਹਰ ਵਕਤ ਹੀ ਤੇ ਇਹ ਸਮਾਂ
ਹਰ ਪ੍ਰੀਤ ਪਰ ਆਜ਼ਾਦ ਹੈ ਨਾ ਵਕਤ ਦੀ ਬਾਂਦੀ ਰਹੀ।

ਇਸ ਸ਼ਿਅਰ ਵਿੱਚ ਆਜ਼ਾਦ ਤੇ ਬਾਂਦੀ ਵਿਰੋਧੀ ਸ਼ਬਦ ਹਨ ਪਰ ਅਰਥ ਇਕੋ ਦਰਸਾਉਂਦੇ ਹਨ।

**ਤਕਰਾਰ ਲਫਜ਼ੀ :**

ਸਿਆਣੇ ਸ਼ਾਇਰ ਸ਼ਿਅਰ ਵਿੱਚ ਸੁੰਦਰਤਾ ਲਿਆਉਣ ਲਈ ਇਕ ਹੀ ਸ਼ਬਦ ਨੂੰ ਦੋ ਜਾਂ ਕਈ ਵਾਰ ਲਿਆਕੇ ਖ਼ੂਬਸੂਰਤੀ ਪੈਦਾ ਕਰਦੇ ਹਨ। ਇਹ ਖ਼ੂਬੀ ਸੰਧੂ ਵਿੱਚ ਵੀ ਹੈ ਜਿਵੇਂ:

ਜਾਣਦੈਂ ਤੂੰ ਜ਼ਾਤ ਇੱਕੋ ਏਸ ਮਾਨਵ ਜ਼ਾਤ ਦੀ
ਧਰਮ ਦੇ ਨਾਂ ਲੋਕ ਤੂੰ ਕਿਓਂ ਪਾੜਦਾ ਹੈਂ ਬੁਜ਼ਦਿਲਾ।

**ਜਮ੍ਹਾਂ ਜਾਂ ਇਕਸਾਰਤਾ :**

ਜਦ ਸ਼ਿਅਰ ਵਿੱਚ ਇਕ ਹੀ ਕਿਸਮ ਦੀਆਂ ਵਸਤਾਂ ਜਾਂ ਵਰਤਾਰਿਆ ਦਾ ਜ਼ਿਕਰ ਆਵੇ ਤਾਂ ਇਹ ਗੁਣ ਪੈਦਾ ਹੁੰਦਾ ਹੈ ਜਿਵੇਂ:

ਵਰਤ ਰੋਜ਼ੇ ਹੱਜ ਤੀਰਥ ਨਾ ਕਿਸੇ ਵੀ ਕੰਮ ਦੇ
ਜੇ ਨਹੀਂ ਕਿਰਦਾਰ ਤੇਰਾ ਸਾਂਝ ਭਾਈਵਾਲ ਦਾ।

ਪ੍ਰੋ. ਸੰਧੂ ਦੀ ਸ਼ਾਇਰੀ ਵਿੱਚ ਹੋਰ ਵੀ ਬਹੁਤ ਸਾਰੀਆਂ ਖ਼ੂਬੀਆਂ ਹਨ ਜਿਨ੍ਹਾਂ ਤੋਂ ਉਸ ਦੀ ਸ਼ਾਇਰੀ ਦੀ ਸਮਰਥਾ ਦਾ ਅੰਦਾਜ਼ਾ ਹੁੰਦਾ ਹੈ। ਉਸ ਦੇ ਕਈ ਸ਼ਿਅਰ ਮੁਹਾਵਰਾ ਬਣਨ ਦੇ ਯੋਗ ਹਨ। ਉਹ ਪ੍ਰਚਲਤ ਮਿੱਥਾਂ, ਮੁਹਾਵਰਿਆਂ ਅਤੇ ਇਤਹਾਸਿਕ ਪਾਤਰਾਂ ਨੂੰ ਬਹੁਤ ਖ਼ੂਬੀ ਨਾਲ ਵਰਤਦਾ ਹੈ। ਸਿਕੰਦਰ, ਸੀਜ਼ਰ, ਹਿਟਲਰ, ਪੋਰਸ, ਬਾਬਰ, ਗੁਰੂ ਨਾਨਕ, ਮਰਦਾਨਾ, ਗੁਰੂ ਗੋਬਿੰਦ ਸਿੰਘ, ਗੁਰੂ ਅਰਜਨ, ਮੀਆਂ ਮੀਰ, ਲਾਲੋ, ਰਾਮ, ਮੁਹੰਮਦ, ਬੁੱਧ, ਰਾਵਣ, ਦੁਰਯੋਧਨ, ਸੁਗਰੀਵ, ਬਾਲੀ, ਧੰਨਾ, ਕੋਹ ਤੂਰ, ਨਮਰੂਦ, ਈਸਾ, ਪਿਕਾਸੋ, ਭੀਲਣੀ ਦੇ ਬੇਰ, ਗੰਗਾ ਜਲ, ਆਬੇ ਜ਼ਮਜ਼ਮ, ਹੀਰ, ਰਾਂਝਾ, ਕੈਦੋਂ, ਮਿਰਜ਼ਾ, ਸਾਹਿਬਾਂ, ਸੁਹਣੀ, ਸ਼ੀਰੀਂ, ਫਰਹਾਦ, ਪੂਰਨ, ਝਨਾਂ, ਸੱਸੀ, ਪੁੰਨੂ, ਕਲ੍ਹਾ ਕਲੰਦਰ, ਨੜੋਇਆ, ਸ਼ੇਖੀ ਬਖੇਰਨਾ, ਪੰਜ ਪਾਣੀਆਂ, ਬੁਰਦਾਂ, ਮਿਰਗ ਤਰਿਸ਼ਨਾ, ਔਸੀਆਂ, ਜਾਮੇਜਮ, ਆਰਤੀ ਦੇ ਦੀਵੇ, ਆਸਾਂ ਦੇ ਦੀਪ, ਬੇੜੀ ਮਲਾਹ ਦੇ ਬਾਝੋਂ, ਪੁਲਸਰਾਤ ਆਦਿ ਵਰਤ ਕੇ ਉਹ ਅਰਥ ਸੰਚਾਰਤਾ ਤੀਖਣ ਬਣਾ ਲੈਂਦਾ ਹੈ।

ਉਸ ਦੀਆਂ ਗ਼ਜ਼ਲਾਂ ਦੇ ਕਾਫੀਏ, ਰਦੀਫ਼ ਨਵੇਂ ਤੋਂ ਨਵੇਂ ਹਨ। ਉਸ ਦੇ ਮਤਲੇ ਸੂਰਜ ਦੇ ਉਦੈ ਹੋਣ ਵਾਂਗ ਹਨ। ਉਸ ਦੀ ਸ਼ਬਦਾਵਲੀ ਅਸਰ ਭਰਪੂਰ ਤੇ ਅਰਥ ਸੰਚਾਰ ਵਾਲੀ ਹੈ। ਉਹ ਜੁਗਨੂੰ, ਦੀਵੇ, ਰਾਹ, ਸਮੁੰਦਰ, ਨਦੀਆਂ, ਨਫਰਤਾਂ, ਕਾਂਗ, ਬਾਜ਼, ਘੁੱਗੀਆਂ, ਜੰਗਲ, ਛਾਵਾਂ, ਦੁੱਪਾਂ, ਰੁੱਖ, ਬਰਫ, ਨਵਤਨੇ, ਪਰਿੰਦੇ, ਪਿੰਜਰੇ, ਡਾਲਰ, ਘੱਲੂ ਘਾਰੇ, ਦਰਸ, ਚਮਨ, ਕਹਿਕਸ਼ਾਂ,

ਜੁਗਤ, ਮਿਸਲ, ਕਲੀਆਂ, ਮਹਿਕ, ਅੰਗਾਰ, ਇਲਮ, ਰਾਹਬਰ, ਰਾਹਜ਼ਨ, ਸਾਕਤੇ, ਰਮਤਾ, ਹੋਲੀ, ਨੈਣ ਮਮੋਲੇ, ਮਸਤ ਕਲੰਦਰ, ਦਨਦਨਾਂਦੇ, ਕਲਮ, ਕਸਕ, ਚੋਜੀ ਆਦਿ ਆਮ ਸ਼ਬਦਾਂ ਦੀ ਵਰਤੋਂ ਨਾਲ ਅਰਥਾਂ ਨੂੰ ਸਹਿਜ ਪਰਤ ਉੱਤੇ ਲੈ ਆਉਂਦਾ ਹੈ।

**ਸੰਧੂ ਦੇ ਬਹਿਰ ਤੇ ਛੰਦ :**

ਜਿਵੇਂ ਕਿ ਇਸ ਲੇਖ ਦੇ ਕਈ ਪੜਾਵਾਂ ਵਿੱਚ ਮੈਂ ਦਾਅਵਾ ਕੀਤਾ ਹੈ ਕਿ ਪ੍ਰੋ. ਸੰਧੂ ਦੀਆਂ ਇਹ ਸਮੁਚੀਆਂ 423 ਗ਼ਜ਼ਲਾਂ ਛੰਦਾਂ ਜਾਂ ਬਹਿਰਾਂ ਵਿੱਚ ਪੂਰੀਆਂ ਹਨ। ਲਗਦੀ ਵਾਹੇ ਉਹ ਬਹਿਰ ਟੁੱਟਣ ਨਹੀਂ ਦੇਂਦਾ। ਉਸਨੇ ਬਹਿਰ ਰਮਲ ਦੇ ਕਈ ਜ਼ਿਹਾਫੀ ਰੂਪ, ਹਜ਼ਜ ਸਾਲਿਮ ਅਤੇ ਜ਼ਿਹਾਫੀ, ਬਹਿਰ ਖ਼ਫੀਫ, ਮੁਜ਼ਾਰਿਆ, ਅਖਰਬ ਮਕਫੂਫ ਮਹਿਜ਼ੂਫ, ਰਮਲ ਮਕਸੂਰ ਅਤੇ ਹੋਰ ਕਈ ਬਹਿਰ ਬਾਖ਼ੂਬੀ ਨਿਭਾਏ ਹਨ। ਉਸ ਨੇ ਪਿੰਗਲ ਦੇ ਵੀ ਕਈ ਛੰਦ ਅਪਣਾਏ ਹਨ। ਉਸਦੀਆਂ ਸਾਰੀਆਂ ਗ਼ਜ਼ਲਾਂ ਦੇ ਬਹਿਰਾਂ ਦੀ ਵਿਆਖਿਆ ਲਈ ਤਾਂ ਇਕ ਹੋਰ ਲੇਖ ਦੀ ਲੋੜ ਹੈ ਅਲਬਤਾ ਮੈਂ ਪੁਸਤਕ ਦੀ ਪਹਿਲੀ ਤੇ ਆਖ਼ਰੀ ਗ਼ਜ਼ਲ ਦੇ ਇਕ ਇਕ ਸ਼ਿਅਰ ਦੀ ਤਕਤੀਹ ਕਰਕੇ ਆਪਣੀ ਗੱਲ ਦੀ ਪੁਸ਼ਟੀ ਕਰਾਂਗਾ।ਤਕਤੀਹ:

* ਗਾ ਜ਼ਿੰਦਗੀ ਦੇ ਗੀਤ ਤੂੰ ਬਾਂਕੀ ਰਬਾਬ ਵਾਂਗ
ਆਪਾ ਖਿੜੇਗਾ ਦੋਸਤਾ ਸੂਹੇ ਗੁਲਾਬ ਵਾਂਗ।

| | | | | |
|---|---|---|---|---|
| ਬਹਿਰ: | ਮੁਜਾਰਿਆ | ਮੁਸੱਮਨ | ਅਖਰਬ | ਮਕਫੂਫ |
| ਵਜ਼ਨ: | ਮਫਊਲ | ਫਾਇਲਾਤ | ਮੁਫਾਈਲ | ਫਾਇਲਾਤ |
| | S S I | S I S I | I S S I | S I S I |
| ਮਫ ਊ ਲ | ਫਾ ਇ ਲਾ ਤ | ਮੁ ਫਾ ਈ ਲ | ਫਾ ਇ ਲਾ ਤ | |
| S S I | S I S I | I S S I | S I S I | |
| ਗਾ ਜ਼ਿੰ ਦ | ਗੀ ਦਿ ਗੀ ਤ | ਤੂੰ ਬਾਂ ਕੀ ਰ | ਬਾ ਬ ਵਾਂ ਗ | |
| ਆ ਪਾ ਖਿ | ੜੇ ਗਾ ਦੋ ਸ | ਤਾ ਸੂ ਹੇ ਗੁ | ਲਾ ਬ ਵਾਂ ਗ | |

ਇਸ ਤਕਤੀਹ ਤੋਂ ਸਪਸ਼ਟ ਹੁੰਦਾ ਹੈ ਕਿ ਸ਼ਮਸ਼ੇਰ ਸਿੰਘ ਸੰਧੂ ਨੇ ਇਕ ਔਖੇ ਬਹਿਰ ਨੂੰ ਵੀ ਬੜੇ ਸਲੀਕੇ ਅਤੇ ਉੱਚੇ ਸ਼ਿਲਪ ਨਾਲ ਨਿਭਾਇਆ ਹੈ।

ਆਖ਼ਰੀ ਗ਼ਜ਼ਲ ਨੰਬਰ 423 ਦੇ ਬਹਿਰ ਦੀ ਤਕਤੀਹ:

- ਗੰਗਾ ਜਲ ਤੇ ਆਬੇ ਜ਼ਮਜ਼ਮ ਪੀਕੇ ਵੇਖੇ
  ਉਸ ਚੋਂ ਮੈਨੂੰ ਹਰਮੰਦਰ ਦੇ ਪੈਣ ਭੁਲੇਖੇ।

ਬਹਿਰ: ਮੁਤਦਾਰਿਕ (6 ਫੇਲੁਨ)

ਵਜ਼ਨ: ਫੇ+ਲੁਨ ਫੇ+ਲੁਨ ਫੇ+ਲੁਨ ਫੇ+ਲੁਨ ਫੇ+ਲੁਨ ਫੇ+ਲੁਨ

ਤਕਤੀਹ:

| | | | | | |
|---|---|---|---|---|---|
| ਫੇ+ਲੁਨ= | ਫੇ+ਲੁਨ= | ਫੇ+ਲੁਨ= | ਫੇ+ਲੁਨ= | ਫੇ+ਲੁਨ= | ਫੇ+ਲੁਨ |
| S S | S S | S S | S S | S S | S S |
| ਗਂ ਗਾ | ਜਲ ਤੇ | ਆ ਬੇ | ਜ਼ਮ ਜ਼ਮ | ਪੀ ਕੇ | ਵੇ ਖੇ |
| ਉਸ ਚੋਂ | ਮੈਂ ਨੂੰ | ਹਰਿ ਮੰ | ਦਰ ਦੇ | ਪੈ ਣਭੁ | ਲੇ ਖੇ |

ਇਸ ਗ਼ਜ਼ਲ ਦੇ ਵੀ ਸਾਰੇ ਸ਼ਿਅਰ ਬਹਿਰ ਵਿੱਚ ਹਨ।

ਉਪਰੋਕਤ ਚਰਚਾ ਪਿਛੋਂ ਅਸੀਂ ਇਸ ਸਿੱਟੇ ਉੱਤੇ ਪਹੁੰਚਣ ਦੇ ਸਮਰੱਥ ਹੋਏ ਹਾਂ ਕਿ ਸ਼ਮਸ਼ੇਰ ਸਿੰਘ ਸੰਧੂ ਇਕ ਸਫਲ ਪੰਜਾਬੀ ਗ਼ਜ਼ਲਕਾਰ ਹੈ ਜਿਸ ਦੀਆਂ ਗ਼ਜ਼ਲਾਂ ਵਿੱਚ ਉਹ ਸਾਰੇ ਗੁਣ ਹਨ ਜੋ ਵਧੀਆ ਗ਼ਜ਼ਲਾਂ ਵਿੱਚ ਹੋਣੇ ਲਾਜ਼ਮ ਹਨ ਅਤੇ ਇਹ ਵੀ ਕਿ ਉਹਦੀਆਂ ਗ਼ਜ਼ਲਾਂ ਦਾ ਸ਼ਿਲਪ ਅਤੇ ਤਕਨੀਕ, ਹੁਨਰ ਬਾਕਮਾਲ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਬਹਿਰ ਵੀ ਪਰੀਪੂਰਨ ਹੈ।

ਉਸਤਾਦੀ ਨਜ਼ਰੀਏ ਤੋਂ ਜੇ ਕਰ ਨਿਕੀਆਂ ਮੋਟੀਆਂ ਉਕਾਈਆਂ ਨੂੰ ਛੱਡ ਦੇਈਏ ਤਾਂ ਪਾਠਕਾਂ ਵਾਸਤੇ ਸ਼ਮਸ਼ੇਰ ਸਿੰਘ ਸੰਧੂ ਦਾ ਇਹ 'ਗੀਤ ਤੋਂ ਸੁਲਗਦੀ ਲੀਕ ਤਕ' ਗ਼ਜ਼ਲ ਗ੍ਰੰਥ ਮਾਨਣ ਅਤੇ ਸਾਂਭਣ ਯੋਗ ਰਚਨਾ ਹੈ।

ਸੁਲੱਖਣ ਸਿੰਘ ਸਰਹੱਦੀ
ਫੋਨ; 0187-426-5416, 0187- 268-7819
ਮੋਬਾਈਲ- 941-748-4337

ਆਲੋਚਨਾਤਮਾਕ ਲੇਖ:

# ਮੁਹੱਬਤ ਅਤੇ ਭਖਦੇ ਸੱਚ ਦੀ ਸ਼ਾਇਰੀ
# ਪ੍ਰੋ. ਸ਼ਮਸ਼ੇਰ ਸਿੰਘ ਸੰਧੂ
# (ਗੀਤ ਤੋਂ ਸੁਲਘਦੀ ਲੀਕ ਤੱਕ ਦੇ ਪ੍ਰਸੰਗ ਵਿੱਚ)

ਸਿਰਜਣਾਤਮਕ ਤਲਿਸਮ ਦਾ ਅਨੂਪਮ ਸ਼ਰਸ਼ਾਰੀ ਖੇਲੜਾ, ਗ਼ਜ਼ਲ ਦਾ ਸ਼ਾਹਸੁਆਰ, ਬੁਲੰਦ ਗ਼ਜ਼ਲਕਾਰ ਸ੍. ਸ਼ਮਸ਼ੇਰ ਸਿੰਘ ਸੰਧੂ ਪਰਬਤੀ ਅਡੋਲਤਾ ਦਾ ਸੁਖ਼ਨ ਹਸਤਾਖ਼ਰ ਹੈ। ਗ਼ਜ਼ਲ ਦੀ ਸਿਨਫ ਤੋਂ ਇਲਾਵਾ ਸੰਧੂ ਸਾਹਿਬ ਨੇ ਭਾਵਾਆਤਮਕ ਰਵਾਨੀ ਵਾਲੇ ਗੀਤ ਅਤੇ ਸੰਵੇਦਨਾਤਮਕ ਨਜ਼ਮਾਂ ਵਿੱਚ ਵੀ ਕਮਾਲ ਦੀ ਸਿਰਜਣਾਤਮਕ ਹਰਾਰਤ ਨੂੰ ਇਮਾਨਦਾਰ ਸੁਹਿਰਦਤਾ ਨਾਲ ਨਿਭਾਇਆ ਹੈ।

ਅਤਿ ਜੋਖ਼ਮ ਭਰਿਆ ਕਾਰਜ ਹੋਣੀਆਂ ਨਾਲ ਮੱਥਾ ਲਾਉਣਾ ਹੁੰਦਾ ਹੈ। ਇਸ ਸਾਹਿਤਕ ਨਿਸ਼ਕਾਮ ਵਣਜ ਵਿੱਚ ਉਹ ਅਕਸਰ ਜੇਤੂ ਰਿਹਾ ਹੈ। ਜ਼ਿੰਦਗੀ ਦੀ ਬਹੁ-ਰੰਗਤਾ ਵਿੱਚ ਵਿਚਰਦਿਆਂ ਉਹ ਹਲੀਮ-ਬੁਲੰਦ ਅਤੇ ਸੰਜਮੀ-ਦਲੇਰ ਰਿਹਾ ਹੈ, ਵਿਸ਼ੇਸ਼ਗਤ, ਜਿਸਦਾ ਅਥਾਹ ਮਾਣ ਕਰਨਾ ਬਣਦਾ ਹੈ।

ਝੱਖੜਾਂ ਨੂੰ ਚੁਣੌਤੀ ਦੇਂਦੇ ਅਤੇ ਤੂਫ਼ਾਨਾਂ ਨਾਲ ਲੱਦੇ ਹੋਏ ਰੁੱਖ ਹੀ ਦਰਵੇਸ਼ ਅਤੇ ਫੁੱਲਾਂ, ਫਲਾਂ ਲੱਦੇ ਹੁੰਦੇ ਹਨ। ਸ਼ਮਸ਼ੇਰ ਸੰਧੂ ਨਿਰਸੰਦੇਹ ਅਨੂਪਮ ਖੇੜੇ ਭਰਪੂਰ ਰੁੱਖਾਂ ਦੀ ਜ਼ੀਰਾਂਦ ਅਤੇ ਗ਼ਜ਼ਲ ਦੀ ਸੁਗੰਧੀ ਦਾ ਹੋਣਹਾਰ ਚਿਹਰਾ ਹੈ, ਜਿਸ ਦੀ ਅਰਥ-ਪ੍ਰਬੁੱਧ ਅਤੇ ਸਹਿਜ, ਸੋਹਜਮਈ ਸਿਰਜਣਾ, ਵਿਚਾਰਧਾਰਾ ਸਮੁੰਦਰੀ ਵਹਿਣ ਵਾਂਗ ਵਹਾਅ ਕੇ ਲੈ ਜਾਂਦੀ ਹੈ। ਰਸਿਕ ਪਾਠਕ ਗ਼ਜ਼ਲ ਪੜ੍ਹਦਿਆ ਚੇਤਰ ਚੇਤਰ ਅਤੇ ਕਾਸ਼ਨੀ ਹੁੰਦਾ ਹੋਇਆ, ਗਿਆਨ-ਆਲੋਕ ਅਤੇ ਪ੍ਰਗਤੀਵਾਦੀ ਵਿਚਾਰ ਦਾ ਸੰਦਲੀ ਸਪਰਸ਼ ਮਾਣਦਾ ਅਨੰਤ ਰੰਗੀ ਦੁਨੀਆਂ ਵਿੱਚ ਪਹੁੰਚ ਜਾਂਦਾ ਹੈ।

ਹੰਸਣੀ ਦੀ ਚਾਲ ਅਤੇ ਮਮੋਲੇ ਦੀ ਮਟਕ ਵਾਂਗ ਨਿਮਨ ਸ਼ਿਅਰ ਮਖ਼ਸੂਸ ਨਜ਼ਾਕਤ ਤੋਂ ਖ਼ਮੀਰੀ ਮਸਤੀ ਵਾਂਗ, ਮਹਿਕੀਲੀ ਅਤੇ ਰੁਪਹਿਲੀ ਕਿਰਨ ਵਾਂਗ ਦਿਲ ਜ਼ਿਹਨ ਦੇ ਆਰ-ਪਾਰ ਹੋ ਕੇ ਪਾਠਕ ਨੂੰ ਰਾਗਾਤਮਕ-ਵਿਸਮਾਦ ਪ੍ਰਦਾਨ ਕਰਦਾ ਹੈ:

ਹਾਏ ਅਦਾ ਤੇਰੀ ਧਰੇਂ, ਤੂੰ ਪੈਰ ਸਾਂਭ ਸਾਂਭ
ਹਾਂ ਵੀ ਕਹੇਂਗਾ ਸੋਹਣਿਆਂ, ਨਾਹ ਦੇ ਜਵਾਬ ਵਾਂਗ।

ਤੇਜੱਸਵੀ ਸਾਹਸ ਅਤੇ ਨਿਰਭੈ ਅਡੋਲਤਾ ਵਾਲਾ ਇਸੇ ਗ਼ਜ਼ਲ 'ਚੋ ਇੱਕ ਹੋਰ ਪਰਵਾਜ਼-ਇ-ਤਖ਼ਈਯਲ ਦਾ ਸ਼ਿਅਰ ਜੋ ਪਾਠਕ ਨੂੰ ਕੁਵੱਤ ਪ੍ਰਦਾਨ ਕਰਦਾ ਅਤੇ ਉੱਚੀਆਂ ਉਡਾਰੀਆਂ ਭਰਨ ਲਈ ਉਤਸ਼ਾਹਤ ਕਰਦਾ ਹੈ:-

ਜੇ ਰੁੱਖ ਮੁਖਾਲਿਫ਼ ਤੇਜ਼ ਹੈ, ਵਗਦੀ ਹਵਾ ਨਾ ਡੋਲ
ਉੱਚੀ ਉਡਾਰੀ ਸੇਧ ਲੈ, ਤੂੰ ਵੀ ਉਕਾਬ ਵਾਂਗ।

ਉੱਚੀ ਉਡਾਰੀ ਅਤੇ ਉਕਾਬ ਅਡਿੱਗ ਉਤਸ਼ਾਹ ਹੈ। ਮੁੱਕਰਰ!

ਹਨੇਰੇ (ਅਗਿਆਨਤਾ) ਸਿਰਾਂ ਦੀ ਬਾਜ਼ੀ ਅਤੇ ਸ਼ਬਦ ਫਸਲ ਦਾ ਅਤਿ ਢੁੱਕਵਾਂ ਸੁਮੇਲ ਸ਼ੇਅਰ ਦੀ ਜ਼ਿੰਦ ਜਾਨ ਹੈ। ਫਸਲ ਏਥੇ ਪੈਦਾਵਾਰ ਹੁੰਦੇ ਹੋਏ ਵੀ ਜ਼ਿੰਦਗੀ ਦੀ ਪ੍ਰਤੀਕ ਬਣ ਜਾਂਦੀ ਹੈ। ਇਹੋ ਉਸਤਾਦੀ ਹੈ:

ਲੈਂਦੇ ਰਹੇ ਹਨੇਰੇ ਹਰ ਯੁਗ ਸਿਰਾਂ ਦੀ ਬਾਜ਼ੀ
ਕਟ ਕਟ ਵੀ ਇਹ ਫਸਲ ਤਾਂ ਹੁੰਦੀ ਰਹੀ ਏ ਤਾਜ਼ੀ।

ਇਸ਼ਕ ਬੰਦਗੀ ਹੈ। ਰੰਗਾਂ ਦੇ ਮੋਹ ਵਿੱਚ ਸੋਹਜਾਤਮਕ ਵਿਲੱਖਣਤਾ ਹੁੰਦੀ ਹੈ। ਪਿਆਜ਼ੀ ਪੁਖਤਾ ਰੰਗ ਹੈ। ਇਹ ਚੰਚਲਤਾ ਵਿੱਚ ਨਹੀਂ ਆਉਂਦਾ। ਸਿਮ੍ਰਤੀਆਂ ਅਤੀਤ ਦਾ ਹਾਸਲ ਹੁੰਦੀਆਂ ਹਨ। ਫਕੀਰ ਰੂਹਾਂ ਲਈ ਸ਼ਾਇਰ ਦੀ ਹੁਸਨਾਕ ਸਿਮ੍ਰਤੀ ਦਾ ਇੱਕ ਹੋਰ ਸ਼ੇਆਰ:

ਰੰਗਾਂ ਦਾ ਅੰਤ ਨਾਹੀਂ ਦੁਨੀਆਂ ਦੇ ਬਾਗ ਅੰਦਰ
ਭੁੱਲਦੀ ਨਹੀਂ ਉਹ ਮੈਨੂੰ ਚੁੰਨੀ ਤੇਰੀ ਪਿਆਜ਼ੀ।

ਸੱਚ ਹੋ ਕੇ ਜੀਣਾਂ ਝੂਠ ਦੀ ਬਾਜ਼ੀ ਤੋਂ ਪਾਕ ਅਤੇ ਨਿਰਲੇਪ ਹੁੰਦਾ ਹੈ। ਸ਼ਾਇਰ ਦੇ ਮਨ ਦੀ ਨਫਾਸਤ ਅਤੇ ਸ਼ਾਬਦਕ ਪ੍ਰਗਟਾਅ ਜ਼ਹੀਨ ਪਾਠਕ ਨੂੰ ਕੀਲਕੇ ਰੱਖ ਦਿੰਦਾ ਹੈ। ਹੰਢਾਏ ਇਮਾਨਦਾਰ ਤਜਰਬੇ ਅਤੇ ਅਨੁਭਵ ਦੀ ਇਹ ਸ਼ਾਇਰਤਾ ਕਮਾਈ ਵੀ ਹੈ। ਸ਼ੇਅਰ ਦੀ ਆਤਮਾ ਵੇਖਣਾ:

ਘੱਟ ਜੀ ਲੈ ਸੱਚ ਹੋ ਕੇ ਦੋਸਤਾ
ਝੂਠ ਦੀ ਬਾਜ਼ੀ ਦੇ ਹੁੰਦੇ ਪਲ ਗਿਣੇ।

ਇਸੇ ਤਰਜ਼ ਦਾ ਭਾਸ਼ਾ ਦੇ ਸ਼ਿਲਪ ਅਤੇ ਗ਼ਜ਼ਲਈ ਤਰੰਗਤ, ਸ਼ਾਬਦਕਤਾ (ਝਰਨਾ, ਵਿਰਦ, ਗਲਤਾਨ, ਮਾਲਾ ਫੜੀ) ਵਿੱਚ ਭਿੱਜੇ ਪੁਰ ਅਸਰਾਰ ਦਾ ਜ਼ੁਹਦ ਅਤੇ ਇਬਾਦਤੀ ਸ਼ੇਅਰ:

ਵਾਂਗ ਝਰਨੇ ਪ੍ਰੇਮ ਤੇਰਾ ਝਰ ਰਿਹਾ
ਵਿਰਦ ਹਾਂ ਗਲਤਾਨ ਬਿਨ ਮਾਲਾ ਫੜੀ।

ਸ਼ਮਸ਼ੇਰ ਸਿੰਘ ਸੰਧੂ ਸੱਚ ਦੇ ਸਿਰਲੱਥ ਮੁੱਦਈ ਹਨ। ਇਸੇ ਆਸ ਅਤੇ ਵਿਸ਼ਵਾਸ ਵਿੱਚ ਉਹ ਅਡਿੱਗ ਹਨ। ਸੱਚ ਇਥੇ ਸ਼ਕਤੀ ਅਤੇ ਅਜਿੱਤ ਸਾਹਸ ਦਾ ਪ੍ਰਤੀਕ ਵੀ ਹੈ:–

ਨੇਰ੍ਹਿਆਂ ਤੇ ਔਕੜਾਂ ਤੋਂ ਕਿਉਂ ਡਰਾਂ ਮੈਂ ਦੋਸਤੇ।
ਸੱਚ ਸੂਰਜ ਜਦ ਮੇਰਾ ਹੈ ਸਾਥ ਦੇਂਦਾ ਆ ਰਿਹਾ।
ਬਖਸ਼ਿਆ ਜਦ ਤਾਣ ਮੈਨੂੰ ਹੈ ਸਦਾ ਹੀ ਸੱਚ ਨੇ
ਤੋਰ ਤੁਰਦੇ ਸੱਚ ਦੀ ਕਿਉਂ ਪੈਰ ਜਾਵਣ ਡਗਮਗਾ।

ਤਨਜ਼ ਦੇ ਇਸ ਸ਼ੇਅਰ ਵਿੱਚ ਕਾਟਵਾਂ ਵਿਅੰਗ:

ਪੋਚਕੇ ਮੁਖੜੇ ਸਜਾ ਦਸਤਾਰ ਸਿਰ
ਚੋਜ ਕਰਦੇ ਨੇ ਕਈ ਅੱਠੇ ਪਹਿਰ।
ਧਰਮ ਦੀ ਥਾਂ ਹੈ ਫਰੇਬਾਂ ਦਾ ਚਲਨ
ਐਤ ਆ ਠੱਗਦੇ ਸੱਜਣ ਤੇਰੇ ਦਹਿਰ।

ਸਿਦਕ ਅਤੇ ਮਿਹਰ ਦਾ ਸੰਜਮੀ ਸੰਯੋਗ ਕਿੱਡਾ ਯਕਸਾਂ ਹੈ। ਜਿਥੇ ਖ਼ੁਦਾ ਵੀ ਸਿਦਕ ਤੇ ਸੱਚੀ ਮਿਹਰ ਕਰਦਾ ਹੈ:

ਪ੍ਰੇਮ ਸੱਚਾ ਪੱਥਰੋਂ (ਵੀ) ਖੋਜੇ ਖ਼ੁਦਾ
ਰੱਬ ਕਰਦਾ ਸਿਦਕ ਤੇ ਸੱਚੀ ਮਿਹਰ।

ਸ਼ਮਸ਼ੇਰ ਸੰਧੂ ਢੋਂਗੀਆਂ, ਬੇਦਰਦਾਂ, ਫੇਰਬੀਆਂ, ਚੌਧਰਾਂ ਦੇ ਭੁਖੇ ਲੀਡਰਾਂ, ਬੇਵਫਾਵਾਂ ਅਤੇ ਬਦਨੀਤਾਂ ਨੂੰ ਸਿੱਧੇ ਹੋਕੇ ਟੱਕਰਦੇ ਹਨ:

ਘਾਤ ਘਾਤੀ ਲਾਕੇ ਬੈਠੇ ਹਰ ਘੜੀ
ਲੋੜਦੇ ਜੋ ਸੱਚ ਕਰਨਾ ਘਾਤ ਹੈ।
ਧਰਮ ਦੇ ਠੇਕੇਦਾਰਾਂ ਦਾ ਤੇ ਪਾਜ ਚੁਰਾਹੇ ਖੁੱਲ ਗਿਆ
ਮੂੰਹੋਂ ਝੂਠੇ ਪਰਦੇ ਉਤਰੇ ਐਂਵੇ ਦੇਣ ਸਫਾਈਆਂ ਕਿਉਂ!

ਸ਼ੋਸ਼ਨਕਾਰਾਂ ਦਾ ਸੰਧੂ ਜੀ ਪੂਰੀ ਤਨਦੇਹੀ ਅਤੇ ਕਲਮਕਾਰੀ ਨਾਲ ਬੇਖੌਫ਼ ਮਜ਼ਾਕ ਉਡਾਉਂਦੇ ਹਨ:

ਜੋ ਲਫਾਫੇ ਬਾਜ਼ੀਆਂ ਦੇ ਆਸਰੇ ਹੈ ਜੀਅ ਰਿਹਾ
ਜਾਏ ਜੀਵਨ ਓਸਦਾ ਤੇ ਭੁੱਜਦੀ ਹੈ ਭੰਗ ਦੇਖ।

ਇਲਾਹੀ ਵਿਲੱਖਣਤਾ, ਨਿਡਰ ਸੂਰਮਤਾਈ ਅਤੇ ਅਲੋਕਾਰੀ ਤਲਿਸਮ ਦਾ ਅਜਿਹਾ ਅਨੂਠੀ ਕੌਸ਼ਲਤਾ ਵਾਲਾ ਜਿਗਰਾ ਕੋਈ ਵਿਰਲਾ ਟਾਂਵਾ ਹੀ ਦਿਖਾ ਸਕਦਾ ਹੈ। ਉੱਚੀ ਵਡਿਆਈ, ਨਿੱਘੀ ਅਕੀਦਤ ਦਾ ਇਹ ਪੁਰ ਅਸਰਾਰ, ਹੈਰਤ ਅੰਗੇਜ਼ ਸ਼ੇਅਰ ਕੋਈ ਮਾਂ ਦਾ ਲਾਲ ਹੀ ਲਿਖ ਸਕਦਾ ਹੈ:

ਹਾਰ ਜਾਪੇ ਜਿੱਤ ਉਸਨੂੰ ਜਿੱਤਕੇ ਵੀ ਹਾਰ ਹੀ
ਆਪ ਬਾਜੀ ਜਿੱਤਕੇ ਉਹ, ਆਪ ਹੀ ਹਰਦਾ ਫਿਰੇ।

ਸ਼ਮਸ਼ੇਰ ਸੰਧੂ ਜੀ ਯਾਰਾਂ ਦੇ ਯਾਰ ਹਨ। ਦੋਸਤੀ ਵਿੱਚ ਭਰੋਸੇਯੋਗ, ਦੁੱਖ-ਸੁੱਖ ਦੇ ਸਾਥੀ ਅਤੇ ਸਦਾ ਹੀ ਖੁਸ਼-ਮਿਜ਼ਾਜ, ਮੇਹਰਬਾਨ। ਨਿਮਨ ਸ਼ੇਅਰ ਇਸਦਾ ਭਖਦਾ ਮੁਹਾਂਦਰਾ ਹੈ:

ਸ਼ੱਕ ਕਰਨਾ ਦੋਸਤਾਂ ਦੀ, ਦੋਸਤੀ ਤੇ ਦੋਸਤਾ
ਦੋਸਤੀ ਤੇ ਇਸ ਤਰ੍ਹਾਂ ਦਾ ਵਾਰ ਵੀ ਚੰਗਾ ਨਹੀਂ।

ਗਜ਼ਲਕਾਰ ਸ਼ਮਸ਼ੇਰ ਸੰਧੂ ਦੀ ਸ਼ਖਸ਼ੀਅਤ ਦਾ ਇੱਕ ਹੋਰ ਮਹੱਤਵਪੂਰਨ ਕਿਰਦਾਰ ਹੈ ਕਿ ਨਾ ਉਹ ਪਿੱਠ ਪਿੱਛੇ ਵਾਰ ਕਰਦੇ ਹਨ, ਨਾ ਉਹਲੇ ਹੋਕੇ। ਸਪਸ਼ਟ ਸ਼ਬਦਾਂ ਵਿੱਚ ਸੱਚ ਦੀ ਆਵਾਜ਼ ਬੁਲੰਦ ਕਰਨਾ ਹੇਠ ਲਿਖੇ ਸ਼ੇਅਰ ਵਿਚੋਂ ਵੇਖਿਆ ਜਾ ਸਕਦਾ ਹੈ। ਨਿਮਰਤਾ ਅਤੇ ਹੰਕਾਰ ਦਾ ਨਿਪਟਾਰਾ ਕਰਨਾ ਮਾਰਮਿਕ ਹੈ:

ਮੰਨਿਆ ਤੂੰ ਗਾਤਰਾ ਹੈ ਪਾ ਲਿਆ ਗਲ ਆਪਣੇ
ਧਰਮ ਦੱਸੇ ਨਮਰਤਾ ਹੰਕਾਰ ਵੀ ਚੰਗਾ ਨਹੀਂ।
ਸ਼ੌਕ ਨੂੰ ਪਰਚੰਡ ਕਰਦੀ ਹੈ ਰੁਕਾਵਟ ਹੋਰ ਵੀ
ਪਿਆਰ ਕਰਕੇ ਮੰਨ ਲੈਣੀ, ਹਾਰ ਵੀ ਚੰਗਾ ਨਹੀਂ।

ਅਤੀਤ ਜਿੱਥੇ ਮਨ ਦੇ ਦੁਆਰ ਤੇ ਦਸਤਕ ਦੇਂਦਾ ਹੈ, ਅਤੀਤ ਵਿੱਚ ਵਾਸ ਕਰਨਾ ਖਲਿਸ਼ ਅਤੇ ਭਾਵਕਤਾ ਵਿੱਚ ਰਹਿਣਾ ਹੈ। ਰਿਸ਼ਤੇ ਕੇਤਕੀ ਦਾ ਫੁੱਲ ਹੁੰਦੇ ਹਨ। ਰਿਸ਼ਤਿਆਂ ਦੀ ਪਹਿਚਾਣ ਹਸਾਸ ਮਨ ਦੀ ਪਿਘਲਾਹਟ ਹੈ। ਰਿਸ਼ੇਤਦਾਰੀਆਂ ਰੁੱਖਾਂ ਦੀਆਂ ਫੁੱਲਾਂ ਲੱਦੀਆਂ ਟਾਹਣੀਆਂ ਵਾਂਗ ਹਨ। ਰਿਸ਼ੇਤਦਾਰੀਆਂ ਉੱਖੜੀ ਨੀਂਦ ਵਾਂਗ ਉਨੀਂਦਰੇ ਦੀ ਰੜਕ ਵੀ ਹੁੰਦੀਆਂ ਹਨ।

ਸਨੇਹ ਅਤੇ ਆਪਣਾਪਨ ਪਾਰਸ ਦਾ ਕੰਮ ਕਰਦਾ ਹੈ। ਰਿਸ਼ਤਿਆਂ ਦੇ ਪਾਕ ਅਹਿਸਾਸ ਨਾਲ ਮਨ ਦੇ ਕਰੀਰ ਹਰਿਆਲੇ ਬਾਗ ਹੋ ਜਾਂਦੇ ਹਨ ਅਤੇ ਬਾਗ ਸਭਿਆਚਾਰ ਹੁੰਦਾ ਹੈ। ਰਿਸ਼ਤੇ ਸਮਾਜਿਕ ਵਰਤਾਰੇ, ਪਹਿਚਾਣ, ਨਜ਼ਰ, ਜ਼ਬਤ, ਨੈਤਿਕਤਾ ਅਤੇ ਵਿਵਹਾਰਕ-ਸੰਤੁਲਨ ਨਾਲ ਵਿਗਸਦੇ ਮੌਲਦੇ ਹਨ। ਰਿਸ਼ਤਿਆਂ ਦੇ ਭੱਰਪਣ ਨਾਲ ਸੂਰਜ ਵੀ ਤਲੀ ਤੇ ਪਿਆ ਲਗਦਾ ਹੈ। ਨਿਜ ਅਹਿਸਾਸ ਦੀ ਗ਼ਜ਼ਲ ....... ਬੋਹੜਾ ਪਿਪਲਾਂ ਦੀ ਗਲ ਕਰਦਾ ਗ਼ਜ਼ਲਕਾਰ ਸੰਧੂ ਸਭਿਆਚਾਰਕ ਵਿਰਸੇ ਤੇ ਵੀ ਪਹਿਰਾ ਦੇ ਰਿਹਾ ਹੁੰਦਾ ਹੈ। ਰੁੱਖਾਂ ਨੂੰ ਯਾਦ ਕਰਦਿਆਂ ਉਸਦਾ ਪ੍ਰਾਕ੍ਰਿਤਕ ਪਿਆਰ ਇੱਕ ਖੁਮਾਰੀ ਅਤੇ ਖਲੂਸ ਨਾਲ ਸਕੂਨ ਪ੍ਰਦਾਨ ਕਰਦਾ ਹੈ:

ਬੋਹੜ ਪਿੱਪਲ ਨਿੰਮਾਂ ਜਾਮਨ, ਬੇਰੀਆਂ ਤੇ ਸ਼ਹਿਤੂਤ
ਘਣੀਆਂ ਛਾਵਾਂ ਨੇ ਆ ਕਰਦੇ, ਓਸੇ ਮਿੱਠੇ ਅੰਦਾਜ਼।
ਮਾਪੇ ਭੈਣਾਂ ਚੇਤੇ ਆਵਣ ਨਾਲੇ ਵਿਛੜਿਆ ਵੀਰ
ਸਭ ਕੁਛ ਜਾਪੇ ਤਾਜ਼ਾ ਦੇਵੇ ਅੱਜ ਦੇ ਵਾਂਗੂੰ ਆਵਾਜ਼।

ਅਤੀਤ, ਪਿੰਡ ਦੀ ਯਾਦ, ਮਾਪੇ, ਭੈਣ, ਭਰਾ ਅਤੇ ਵਿਛੜਿਆ ਵੀਰ। ਰਿਸ਼ਤੇਦਾਰਾਂ ਦੀ ਸਮਾਜਕ ਅਤੇ ਸਭਿਆਚਾਰਕ ਮਹਿਮਾ ਅਤੇ ਮਹੱਤਤਾ, ਬੋਹੜਾਂ ਪਿਪਲਾਂ ਦੀ ਯਾਦ ਅੱਖਾਂ ਵਿੱਚ ਕੋਸੀ ਦਿਲਜੋਈ ਹੈ।

ਕੋਹਝੀ ਸਿਆਸਤ ਵਿੱਚ ਜ਼ੋਰਾਵਰ ਹਰ ਥਾਂ ਤੇ ਮੂਹਰੇ ਹਨ। ਯੋਗਤਾ ਨੂੰ ਕੌਣ ਪਰਖਦਾ ਹੈ। ਕਾਬਲੇ ਗ਼ੌਰ ਸ਼ਿਅਰ ਹੈ:

ਮੂਹਰੇ ਹਰ ਥਾਂ ਹੁਣ ਤੇ ਗਿਣਤੀ ਵੋਟਾਂ ਦੀ
ਨਾ ਕੋ ਵੇਖੇ ਯੋਗ ਬਚਾਣੇ ਕੌਣ ਭਲਾ।

ਜ਼ੁਬਾਨਦਾਨੀ ਦੀ ਸਿਖ਼ਰ:

ਝਿੜਕ ਦੇਵੇਂ ਨਾਲ ਗਲ ਲੈ ਫੇਰ ਲਾ
ਪਿਆਰ ਦਾ ਇਹ ਅਜਬ ਹੈ ਅੰਦਾਜ਼ ਵੀ।

ਕਾਲੇ ਹਨੇਰਿਆਂ ਅਤੇ ਸੰਤਾਪੇ ਦਿਨਾਂ ਦਾ ਸ਼ਿਕਾਇਤ ਭਰਿਆ ਅਹਿਸਾਸ ਸ਼ਾਇਰ ਨੂੰ ਪਰ-ਹਿੱਤ ਪੂਰਵਕ ਅਤੇ ਉਚਿੱਤ, ਯੋਗ ਮਾਨਵਵਾਦੀ ਬਣਾਉਂਦਾ ਹੈ:

ਪੁੱਛ ਜਾਕੇ ਮਾਪਿਆਂ ਨੂੰ, ਪੁੱਤ ਜੀਹਦਾਂ ਤੁਰ ਗਿਆ
ਕਿਸ ਤਰ੍ਹਾਂ ਰੋ ਵਿਲਕ ਉਹਨਾਂ ਜਾਣ ਲੰਘਾਏ ਇਹ ਦਿਨ।

ਸ਼ਮਸ਼ੇਰ ਸੰਧੂ ਜੀ ਮਾਨਵਤਾ, ਉਦਾਰਤਾ ਅਤੇ ਸਾਂਝੀਵਾਲਤਾ ਦੇ ਆਰਿਫ (ਮਰਦੇ ਹੱਕ) ਮਹਿਸੂਸ ਹੁੰਦੇ ਹਨ। ਸੰਧੂ ਸਾਹਿਬ, ਵਸੀਹ ਅਤੇ ਜ਼ਹੀਨ ਸ਼ਾਇਰ ਹਨ। ਮਸਲਨ:

ਤਸੱਵਰ ਸਾਂਝ ਦਾ ਜੇਕਰ, ਦਿਲਾਂ ਵਿੱਚ ਕਰ ਗਏ ਹੁੰਦੇ
ਅਸੀਂ ਤਾਂ ਦੋਸਤੋ ਸਾਰੇ, ਕਦੋਂ ਦੇ ਤਰ ਗਏ ਹੁੰਦੇ।
ਗੁਲਾਮਾਂ ਗੋਰੀਆਂ ਥੱਲੇ, ਕਦੀ ਨਾ ਹਿੰਦ ਰੁਲਣੀ ਸੀ
ਵਤਨ ਦੀ ਸ਼ਾਨ ਖਾਤਿਰ ਸਿਰ ਤਲੀ ਜੇ ਧਰ ਗਏ ਹੁੰਦੇ।

ਮਾਨਵ-ਹਿਤੈਸ਼ੀ, ਅਮਨ-ਪਸੰਦ, ਦੂਜਿਆਂ ਦੀ ਖੁਸ਼ੀ ਵਿੱਚ ਸ਼ਾਮਲ ਹੋਣਾ ਹੀ ਇਨਸਾਨੀ ਕਿਰਦਾਰ ਅਤੇ ਹਕੀਕੀ ਮੁੱਸਰਤ (ਖੁਸ਼ੀ) ਹੈ। ਇਥੇ ਸ਼ਾਇਰ ਤੰਗ ਦਿਲ ਨਾ ਹੋਕੇ ਸਰਵ ਸਾਂਝੀਵਾਲਤਾ ਦਾ ਮੁੱਦਈ ਹੋ ਜਾਂਦਾ ਹੈ। ਨਿਮਨ ਸ਼ੇਅਰ ਦੀ ਸਿਰਜਣਾ ਜਨਤਕ-ਚੇਤਨਾ ਸੁਰਤੀ ਦੀਆਂ ਸਿਖਰਾਂ ਛੂੰਹਦੀ ਹੈ:

ਹੋਰ ਲੋਕਾਂ ਦੀ ਖੁਸ਼ੀ ਵਿੱਚ, ਲੈਂ ਖੁਸ਼ੀ ਜੇ ਭਾਲ ਤੂੰ
ਫੇਰ ਜਾਣੀ ਤੂੰ ਪਿਆਰੇ, ਰੱਜ ਮਾਨੀ ਜ਼ਿੰਦਗੀ।

ਸ਼ਿੰਗਾਰਕ ਬਿਆਨ ਵਿਚ ਨਿਮਨ ਸ਼ਾਬਦਕ ਚ੍ਰਿਤਕਾਰੀ ਕੋਈ ਪ੍ਰੋੜ ਅਤੇ ਉਸਤਾਦ ਗ਼ਜ਼ਲਕਾਰ ਹੀ ਕਰ ਸਕਦਾ ਹੈ। ਸ਼ਾਇਰ ਗਜ਼ਲਕਾਰ ਨਾ ਹੋਕੇ ਚ੍ਰਿਤਕਾਰ ਮਹਿਸੂਸ ਹੁੰਦਾ ਹੈ। ਸੰਧੂ ਸਾਹਿਬ ਭਰਵੀਂ ਦਾਦ ਦੇ ਇਮਾਨਦਾਰ ਹੱਕਦਾਰ ਹਨ। ਇਕ ਅਨੁਪਮ-ਦ੍ਰਿਸ਼ਾਵਲੀ ਅੱਖਾਂ ਸਾਹਵੇਂ ਸਾਕਾਰ ਹੁੰਦੀ ਹੈ:

ਵਾਟ ਲੰਮੀ, ਸੁੰਨ ਰਸਤੇ, ਧੁੰਦਲੀ ਜਿਉਂ ਕਹਿਕਸ਼ਾਂ
ਘਰ ਤਿਰੇ ਦਾ ਮਾਲਕਾ, ਟੇਵਾ ਲਗਾਇਆ ਨਾ ਗਿਆ।

ਨਿਮਨ ਸ਼ੇਅਰ ਦੀ ਲਤਾਫਤ ਨੁਮਾਇਆ ਹੁੰਦੀ ਹੋਈ ਵੀ ਰਹੱਸਮੀ, ਤਲਿਸਮੀ ਅਤੇ ਕਰਾਮਾਤੀ ਹੈ। ਇਹ ਗੋਹਜ ਰਮਜ਼ਾਂ, ਦੀਰਘ ਰਿਆਜ਼ ਬਾਅਦ, ਇਸ਼ਰਤ (ਮੇਹਰਬਾਨ ਪ੍ਰਾਪਤੀ) ਹੁੰਦੀਆਂ ਹਨ। ਕਿਆ ਬਾਤ ਹੈ ਸੰਧੂ ਸਾਹਿਬ ਦੀ-

ਵਿੱਚ ਥਲ ਵੀ ਖਿੜ ਪਵੇਗਾ, ਫੁੱਲ ਤਾਂ ਮੁਸਕਾਨ ਦਾ
ਹੱਥ ਤੇਰੇ ਦੋਸਤਾਂ ਹੈ, ਪੁੱਗਣਾ ਅਰਮਾਨ ਦਾ।

ਸਬਦਾਂ ਦਾ, ਬੇਹੱਦ ਢੁੱਕਵਾਂ, ਜੱਚਵਾਂ ਪ੍ਰਯੋਗ:

ਪ੍ਰੀਤ ਬਾਝੋਂ ਸੱਖਣਾ ਹੈ ਬੁੱਤ ਈਕਣ ਜਾਪਦਾ
ਲਗ ਰਿਹਾ ਸੁੰਨਸਾਨ ਡੇਰਾ, ਹੈ ਜਿਵੇ ਸ਼ਮਸ਼ਾਨ ਦਾ।

ਕੋਈ ਦਿਲਦਾਰ ਸ਼ਾਇਰ ਹੀ ਇਸ ਤਰ੍ਹਾਂ ਕਹਿ ਸਕਦਾ ਹੈ:

ਹੈ ਝੋਲੀ ਜੇ ਖਾਲੀ ਤਾਂ ਹੋਇਆ ਭਲਾ ਕੀ
ਮੈਂ ਨੈਣਾਂ ਦੇ ਮੋਤੀ ਸ਼ੰਗਾਰੇ ਬੜੇ ਨੇ।

ਸਫਲ ਸੰਪੂਰਨ ਵਿਸ਼ਵਾਸੀ ਕਾਮਯਾਬੀ ਦਾ ਇੱਕ ਹੋਰ ਰਹੱਸ:

ਕਾਮਯਾਬੀ ਉਸ ਦੀ ਹੀ, ਹੋਏਗੀ ਰੱਖ ਹੌਸਲਾ
ਨਾਲ ਝੂਠਾਂ ਜੋ ਨਿਰੰਤਰ ਘੋਲ ਕਰਦਾ ਲੜ ਰਿਹਾ।

ਪ੍ਰਵਾਸ, ਜ਼ਖ਼ਮੀ ਅਤੇ ਲੂੰਹਦਾ ਵਰਤਾਰਾ ਤਾਂ ਨਹੀ ਪਰ ਪ੍ਰਵਾਸ ਵਿੱਚ ਹੰਢਾਏ ਵਕਤ

ਦੀ ਤਸਦੀਕ ਸਬੰਧਤ ਰਿਸ਼ਤਿਆਂ ਵਿੱਚ ਇਹ ਵੀ ਕੋਹਰਾਮ ਹੋ ਸਕਦਾ ਹੈ ਕਿ ਸਾਇਆ ਹੀ ਸਾਥ ਛੱਡ ਦੇਵੇ:

ਤੁਰ ਗਿਓਂ ਪਰਦੇਸ ਨੂੰ ਹੀ ਤੂੰ ਕਮਵਾਣ ਦੌਲਤਾਂ
ਆਪਣੇ ਹੋਏ ਬੇਗਾਨੇ ਛੱਡ ਸਾਇਆ ਵੀ ਗਿਆ।

ਮੱਹਬਤ ਦੀ ਗੁਫਤਗੂ ਗੁੰਦਵੀ/ਰਸਿਕ ਹੁੰਦੀ ਹੈ- ਮੇਲੇ ਦੀ ਰੌਣਕ ਜਿਹੀ। ਤ੍ਰਿੰਝਣ ਦੇ ਚਾਅ ਜਿਹੀ। ਵਿਹੜੇ ਵਿਚ ਚਿੜੀਆਂ ਦੇ ਚੰਬੇ ਜਿਹੀ ਰਕਸਮਈ ਚਹਿਚਹਾਟ, ਖੰਭ ਫਰਕਣ ਅਤੇ ਅੰਗ-ਲਚਕਣ ਜਿਹੀ। ਮੁਹੱਬਤ ਅੰਦਰਲੇ ਬੇਰੋਕ ਜਜ਼ਬਿਆਂ ਅਤੇ ਫੁਰਨਿਆਂ ਦਾ ਹੜੀ ਪ੍ਰਵਾਹ। ਜੁਆਰਭਾਟੇ ਜਿਹੀ ਛੈਲ ਬਾਂਕੀ ਅਤੇ ਗੁਸਤਾਖ ਜੁਆਨੀ। ਮੁਹੱਬਤ ਸੂਹੀ ਫੁੱਲਕਾਰੀ ਵਿੱਚ ਸੰਘਣੇ, ਗੁੰਦਵੇਂ ਬਾਗ ਦਾ ਤੋਪਾ ਹੁੰਦੀ ਹੈ। ਇਨ੍ਹਾਂ ਤੋਪਿਆਂ ਅਤੇ ਰੰਗਾਂ ਵਿੱਚ ਬੇਬਸੀ ਅੱਖਾਂ ਦੀ ਸਿੱਲ੍ਹ ਹੁੰਦੀ ਹੈ।

ਸਮਾਜ ਮੁਹੱਬਤ ਦੇ ਵਿਸ਼ੇ ਵਿੱਚ ਲਗਿਆ ਫਾਸਲਾ ਹੁੰਦਾ ਹੈ। ਅਜਿਹੇ ਫਾਸਲਿਆਂ ਵਿੱਚ ਜ਼ੁਬਾਨ ਬਿਰਹੋਂ ਰੱਤੀ ਅਤੇ ਵਿਯੋਗੀ/ਸੋਗਦੀ ਹੁੰਦੀ ਹੈ। ਕੱਚ ਡੋਡੀਆਂ, ਲਵੀਆਂ ਤਾਂਘਾਂ ਅਤੇ ਅਤਿ ਤੀਬਰ-ਉਛਾਲ ਕਦੀ ਕਦੀ ਬੇਰੋਕ ਵੀ ਹੋ ਜਾਂਦੇ ਹਨ। ਇਕੱਲਤਾ ਅਤੇ ਬਿਰਹਾ ਕੋਮਲ ਕਰ ਦੇਂਦੇ ਹਨ। ਸੁਗਮ ਅਤੇ ਲਲਿਤ-ਰਾਹੀ ਵੀ।

ਮੁਹੱਬਤ ਦੇ ਮੁੱਢਲੇ ਦਿਨ ਆਪਣੇ ਚੰਨ (ਸੱਜਣ/ਪ੍ਰੀਤਮ) ਦੀ ਇੱਕ ਦੀਦ ਲਈ ਪਿਘਲਦੇ ਮਤਵਾਲੇ, ਮਸਤਾਨੇ ਹੋ ਜਾਂਦੇ ਹਨ। ਮੁਹੱਬਤ ਵਿੱਚ ਜੁਆਨੀ ਦੀ ਜੋਬਨਮਤੀ ਤਾਕਤ ਅਤੇ ਮਸਤਾਨੇਪਣ ਦੀ ਤੜਪ ਅੱਗ ਦੇ ਪ੍ਰਸੰਗ ਵਿੱਚ ਇਕੋ ਜਿਹੀ ਹੋ ਜਾਂਦੀ ਹੈ।

ਸੰਜਮੀ ਮੁਹੱਬਤ, ਪੁਖਤਾ-ਪਰਪੱਕ ਅਤੇ ਪ੍ਰਬੁੱਧ ਹੁੰਦੀ ਹੈ। ਮੀਸਣੀ ਨਹੀਂ। ਚੰਚਲ ਮੁਹੱਬਤ ਛਲਾਵੀ ਅਤੇ ਵਾਸਨਾਤਮਕ ਹੁੰਦੀ ਹੈ। ਚੰਚਲ ਮੁਹੱਬਤ ਦੇ ਹਿੱਸੇ ਦੀਰਘਤਾ ਅਤੇ ਗੰਭੀਰਤਾ ਆਉਂਦੀ ਹੀ ਨਹੀਂ। ਜੇ ਕਹਿ ਲਿਆ ਜਾਏ ਮੁਹੱਬਤ ਮੂੰਹ ਜ਼ੋਰ ਹੋਂਦੀ ਹੈ ਤਾਂ ਅਤਕਥਨੀ ਨਹੀਂ।

ਰੂਪ ਰੱਬੀ ਦੇਣ ਹੈ ਤੇ ਇਸ਼ਕ ਜੰਗਲੀ ਅੱਗ 'ਦਾਵਾਨਲ' ਵਰਗੀ। ਜਿਸਨੂੰ ਕੋਈ ਮੇਘ ਠਾਰ ਹੀ ਨਹੀਂ ਸਕਦਾ। ਇੰਝ ਗ਼ਜ਼ਲਾਂ ਨੂੰ ਅਨੁਭਵ ਕਰਦਿਆਂ ਅਤੇ ਚਿੰਤਨਦਿਆਂ ਇਹੀ ਨਿਚੋੜ ਨਿਕਲਦਾ ਹੈ ਕਿ ਮੁਹੱਬਤ/ ਇਸ਼ਕ ਮਦਰੱਸਾ ਹੈ ਜਿਥੇ ਹਰ ਤਰ੍ਹਾਂ ਦੇ ਵਿਸ਼ੇ, ਅਭਿਆਸ, ਦਾਅ ਪੇਚ ਦੀ ਸੋਝੀ- ਆਪ ਮੁਹਾਰੇ ਆ ਜਾਂਦੀ ਹੈ।

ਚਿਹਰੇ ਤੇ ਇੱਕ ਬਾਵਰੀ ਆਭਾ, ਮਖ਼ਮੂਰੀ ਰਹਿੰਦੀ ਹੈ। ਸੰਧੂ ਸਾਹਿਬ ਮੁਹੱਬਤ ਦੀ ਦੀਵਾਨਗੀ ਦੇ ਆਲਮ ਵਿੱਚ ਆਸ਼ਕ ਤੋਂ ਦਰਵੇਸ਼ੀ ਤੱਕ ਪਹੁੰਚਦੇ ਹਨ। ਉਹ ਗ਼ਜ਼ਲਕਾਰ ਹੁੰਦੇ ਹੋਏ ਵੀ ਸਰਬਾਂਗੀ ਕਲਾਕਾਰ ਪ੍ਰਤੀਤ ਹੁੰਦੇ ਹਨ। ਜਿਸ ਲਤਾਫਤ, ਜ਼ੁਬਾਨਦਾਰੀ, ਫਸਾਹਤ ਅਤੇ ਬਲਾਗਤ ਨਾਲ ਉਨ੍ਹਾਂ ਆਪਣੇ ਭਾਵ, ਵਿਚਾਰ ਸ਼ੇਅਰਾਂ ਵਿਚ ਰੁਚਿਤ ਕੀਤੇ ਹਨ: ਉਹ ਇਕੋ ਸਮੇਂ ਬੁੱਤ ਤਰਾਸ਼, ਚ੍ਰਿਤਕਾਰ ਅਤੇ ਫੋਟੋਗ੍ਰਾਫਰ ਮਹਿਸੂਸ ਹੁੰਦੇ ਹਨ।

ਮਿਸ਼ਰਤ ਵਿਸ਼ਿਆਂ ਅਤੇ ਬਹੁ ਤਰਫੀ ਵਿਸ਼ਾਗਤ ਵੰਨ-ਸੁਵੰਨਤਾ ਦੇ ਸ਼ੇਅਰਾਂ ਵਿੱਚ ਪੰਨਾ-55 ਤੋਂ ਪੰਨਾ-116 ਤੱਕ ਉਪਰੋਕਤ ਵਜ਼ਾਹਤ ਦੀ ਦੀਦਾਵਰੀ ਹੈ। ਗਹਿਰੀ ਰਮਜ਼, ਕਲਾਤਮਕ ਕਲਾ-ਕੌਸ਼ਲਤਾ ਨਾਲ ਨੁਮਾਇਆਂ ਕੀਤੀ ਹੈ। ਕੁਝ ਚੋਣਵੇਂ ਸ਼ੇਅਰ ਵੇਖੋ:

**ਨੰਗਾ ਸੱਚ:**
ਇਸ਼ਕ ਨਾ ਜਾਵੇ ਛੁਪਾਇਆ, ਵਿੱਚ ਲੱਖਾਂ ਪਰਦਿਆਂ
ਅੱਗ ਇਹ ਅੰਦਰ ਤੁਸੀਂ ਹੁਣ ਕਿਵ ਛਪਾਈ ਜਾਉਗੇ।
**ਸਮਰਪਣ:**
ਮੌਤ ਵੀ ਮਨਸੂਰ ਵਾਂਗੂੰ ਲਗਦੀ ਹੈ ਮਿੱਠੜੀ
ਬੱਸ ਖਾਕੇ ਤੂੰ ਨਿਹੁੰ ਦਾ ਮਿੱਤਰਾ ਇਕ ਡੰਗ ਵੇਖ।
**ਫਸਾਹਤ:**
ਨਾਜ਼ ਬਰਦਾਰੀ ਲਈ ਦਸ, ਹੋਰ ਮੈਂ ਕੀ ਕੁੱਝ ਕਰਾਂ
ਧਾਰ ਪਰਖੀ ਜਾਏਗੀ ਕਰ ਵਾਰ ਤੂੰ ਸ਼ਮਸ਼ੀਰ ਦਾ।
**ਨੈਣਾਂ ਦਾ ਮਿਲਣ ਤੇ ਅੰਦਰਲੀ ਆਵਾਜ਼:**
ਰੋਕਿਆ ਸੀ ਦਿਲ ਬੜਾ ਤੂੰ ਬਾਜ਼ ਆ
ਵੇਖ ਉਸਦੀ ਅੱਖ ਮਸਤਾਈ ਜਦੋਂ।
**ਮੁਜ਼ਤਰ (ਬੇਚੈਨ):**
ਬਾਝ ਤੇਰੇ ਸੱਜਣਾ ਸੁੰਨਸਾਨ ਹੈ
ਘਰ ਅਧੂਰਾ ਲਗਦਾ ਹੈ ਇਸ ਤਰ੍ਹਾਂ।
**ਇਸ਼ਕ ਦੀ ਇਨਤਹਾ:**
ਭੁਲਿਆ ਹਾਂ ਆਪਣੀ ਹੀ ਅੱਜ ਤੇ ਪਹਿਚਾਣ ਮੈਂ
ਹਰ ਤਰਫ ਹੀ ਮੁੱਖ ਮੈਨੂੰ ਨਜ਼ਰ ਆਵੇ ਆਪ ਦਾ।
**ਧਰਮ ਦਾ ਕਰਮ:**
ਜ਼ੁਲਮ ਦੀ ਫਿਰ ਕੰਧ ਢਾਹੀ, ਉਸ ਬਲੀ ਗੋਬਿੰਦ ਨੇ
ਤਾਰ ਦਿੱਤੀ ਹਿੰਦ ਸਾਰੀ, ਧਰਮ ਦੀ ਕਰ ਗਲ ਖਰੀ।
**ਬਦਨੀਤੀ:**
ਦਿਲ ਵਿਕਾਊ ਢੂੰਡਦੇ ਹਨ, ਖੋਹਲ ਬੈਠੇ ਹੱਟੀਆਂ
ਧਰਮ ਦੇ ਨਾਂ ਵਣਜ ਕਰਨਾ, ਕੰਮ ਹੈ ਬਦਨੀਤ ਦਾ।
**ਬਲਾਗ਼ਤ:**
ਲਿਸ਼ਕਣੇ ਮੀਨਾਰ ਧਨ ਦੇ, ਜੋ ਰਹੇ ਕਰਦੇ ਖੜੇ
ਪਿਆਰ ਸਾਹਵੇਂ ਹੇਚ ਨੇ ਤੇ ਅਕਲ ਵੀ ਨਾਕਾਮ ਹੈ।
**ਸੁਹਿਰਦਤਾ ਅਤੇ ਦਿਆਨਤਦਾਰੀ:**
ਪਹਿਚਾਣ ਕਰਨੀ ਲਾਜ਼ਮੀ ਹੈ, ਹਾਬੜੇ ਇਸ ਦੈਂਤ ਦੀ
ਹੈ ਢਾਹ ਜਿਹੜਾ ਲਾ ਰਿਹਾ, ਅਮਨਾ ਵਿਹੂਣੀ ਧਰਤ ਨੂੰ।
**ਧਰਤ ਮਾਂ ਲਈ ਆਭਾਰ:**
ਇਹ ਵੀ ਮੇਰੀ ਉਹ ਵੀ ਮੇਰੀ, ਵੰਡ ਪਾਵਾਂ ਕਿੰਝ ਮੈਂ
ਧਰਤ ਮਾਂ ਤੇ ਹਰ ਜਗ੍ਹਾ ਤੇ ਲੈ ਬਲਾਵਾਂ ਦੋਸਤੋ।

**ਰਹੱਸਮਈ ਚੋਜ:**

ਆ ਜ਼ਰਾ ਝਲਕਾ ਦਿਖਾ ਦੇ, ਆਪਣਾ ਮਨਮੌਜੀਆ
ਕਿਉਂ ਭੁਲਾ ਤੂੰ ਚੋਜੀਆ ਹੈਂ, ਖੋਜੀਆਂ ਨੂੰ ਰੋਲਦਾ।

**ਭਵਿੱਖਬਾਣੀ:**

ਵੀਤਨਾਮੀ ਮਾਰ ਦਿੱਤੇ, ਏਸ ਨੇ ਜਿਵ ਖੂਨੀਆ
ਜਾਪਦਾ ਈਰਾਕ ਦਾ ਵੀ, ਘੁੱਟ ਇਹ ਛੇਤੀ ਭਰੂ।

**ਦ੍ਰਿੜ ਨਿਸਚੈ:**

ਮੰਜ਼ਲੇ ਮਕਸੂਦ ਨੂੰ ਉਹ, ਪਾਣਗੇ ਹੀ ਲਾਜ਼ਮੀ
ਜੋ ਅਮਲ ਦਾ ਰਾਹ ਫੜਦੇ, ਤੱਜ ਖਿਆਲਾਂ ਦੇ ਕਿਲ੍ਹੇ।

**ਫਸਾਹਤੀ ਸਮਰਪਣ:**

ਵਾਰ ਦੇਵਾਂ ਮੈਂ ਤੇਰੇ ਰਾਹਾਂ ਤੋਂ ਸਾਹ
ਬਚ ਗਏ ਉਹ ਵੀ ਅਰਪ ਕਰ ਲੈਣ ਦੇ।

**ਆਸ਼ਾਵਾਦ:**

ਯਾਦ ਰਖੇਗਾ ਜ਼ਮਾਨਾ, ਓਸ ਨੂੰ ਹੀ ਦੋਸਤਾ
ਰਾਹ ਮਾਨਵ ਦੇ ਲਈ ਜੋ, ਉੱਜਲੇ ਹੈ ਕਰ ਗਿਆ।

ਮਾਚਸ ਤੇ ਬਾਂਦਰ ਦੇ ਪ੍ਰਯੋਗ ਨਾਲ ਸੰਧੂ ਸਾਹਿਬ ਦੀ ਸਿਰਜਣਾਤਮਕ ਸਮਰੱਥਾ ਨੇ ਬਾਂਦਰ ਤੇ ਅੱਗ ਦੇ ਵਿਰੋਧਾਭਾਸ ਨੂੰ ਨਵੇਂ ਅਰਥ ਦਿੱਤੇ ਹਨ।

ਘੁੱਗ ਵਸਦੇ ਦੇਸ਼ ਫੂਕੇ ਨਿਤ ਨਵੇਂ
ਖੇਡ ਮਾਚਸ ਹੋ ਗਈ ਬਾਂਦਰ ਲਈ।

ਨਿਮਨ ਸ਼ੇਅਰ ਸੀਨੇ ਦੇ ਆਰ ਪਾਰ ਲਹਿ ਜਾਂਦਾ ਹੈ।

ਰਾਤ ਦਿਨ ਜੋ ਵਾਂਗ ਬਿਝੜੇ ਜੋੜਿਆਂ ਕੱਖ ਕਾਣ ਸੀ
ਦਿਨ ਦਿਹਾੜੇ ਆਪ ਉਸਤੇ ਜਾਣੋ ਲਾਂਬੂ ਧਰ ਲਿਆ।

ਸ਼ਾਇਦ ਹੀ ਅੱਜ ਤਕ ਕਿਸੇ ਵੀ ਪੰਜਾਬੀ ਸ਼ਾਹਿਰ ਨੇ 'ਝੀਕ' ਸ਼ਬਦ ਦਾ ਐਡਾ ਵਧੀਆ ਪ੍ਰਯੋਗ ਕੀਤਾ ਹੋਵੇ। ਤੀਕ ਦਾ ਪ੍ਰਯੋਗ ਤਾਂ ਜਰੂਰ ਹੋਇਆ ਪਰ 'ਝੀਕ' ਸ਼ਬਦ ਪੰਜਾਬੀ ਜੁਬਾਨ ਨੂੰ ਪ੍ਰਫੁਲਤ ਕਰਦਾ ਹੈ, ਮੋਕਲਾ ਵੀ। ਅਸ਼ਕੇ ਸੰਧੂ ਸਾਹਿਬ ਜੀ ਦੇ:

ਗਹਿਰੇ ਗਮਾਂ ਦੇ ਸਾਗਰਾਂ ਵੀ ਗਲਤ ਸਮਝਿਆ
ਨਾ ਥਹੁ ਕਦੇ ਉਹ ਲੈ ਸਕੇ ਆਸ਼ਕ ਦੀ ਝੀਕ ਦਾ।

ਸ਼ਮਸ਼ੇਰ ਸੰਧੂ ਦੀ ਵਿਕੋਲਿਤਰੀ ਅਤੇ ਅਨੂਠੀ ਖ਼ੂਬੀ ਇਸ ਗੱਲ ਵਿੱਚ ਵੀ ਹੈ ਕਿ ਉਹ ਅਗਾਂਹਵਧੂ ਸੋਚ ਅਤੇ ਵਿਚਾਰਧਾਰਾ ਅਤੇ ਆਸ਼ਾਵਾਦ ਦਾ ਪੱਲਾ ਨਹੀਂ ਛੱਡਦੇ। ਇਹ ਨਕਸ਼ ਇਸ ਸ਼ਿਅਰ ਵਿੱਚ ਵੇਖੋ–

ਸੌਂ ਗਏ ਜੋ ਥੱਕ ਕੇ ਹੁਣ ਨਾ ਉਮੀਦੀ ਵਿੱਚ ਹੀ
ਸੁਰ ਅਜਿਹੇ ਸੁਤਿਆਂ ਨੂੰ ਲਾਕੇ ਉਂਗਲ ਨਾ ਜਗਾ।

ਫਰੇਬੀ ਲੋਕਾਂ ਤੇ ਕਰਾਰੀ ਚੋਟ:–

ਹਰ ਤਰਫ ਹੈ ਬਾਜ਼ ਲੌਂਦਾ ਬੋਟ ਸੁੰਝੇ ਆਲ੍ਹਣੇ
ਆਪ ਚੋਗਾ ਸੁੱਟਦਾ ਤੇ, ਆਪ ਝਪਟਾ ਮਾਰਦਾ।

ਦੁੱਖਾਂ ਵਿੱਚ ਵੀ ਮਹਿਕ ਵੰਡਣੀ ਸੂਰਮਿਆਂ ਦਾ ਕੰਮ ਹੁੰਦਾ ਹੈ:–

ਹੈ ਕੰਡਿਆਂ ਨੇ ਘੇਰਿਆ, ਚਾਹੇ ਗੁਲਾਬ ਨੂੰ
ਫਿਰ ਵੀ ਤੂੰ ਯਾਰਾ ਵੇਖ ਲੈ ਮਹਿਕਾਂ ਖਲੇਰਦਾ।

ਜਬਰ ਦਾ ਸਿਰ ਭੰਨ ਕੇ, ਜ਼ੁਲਮ ਦੇ ਚੱਕਰ ਤੋੜਣ ਦਾ ਹੌਸਲਾ ਵੀ ਕੋਈ ਮਰਜੀਵੜਾ ਹੀ ਕਰ ਸਕਦਾ ਹੈ:–

ਜੋ ਗੱਦੀਆਂ ਤੇ ਜਾਬਰੀ, ਹਨ ਮਾਰ ਬੈਠੇ ਕੁੰਡਲੀ
ਲਾਜ਼ਮ ਬੜਾ ਹੈ ਤੋੜਨਾ, ਇਨ ਜ਼ੁਲਮੀਆਂ ਦੇ ਚੱਕਰਾਂ।

ਸੂਫੀਅਤ ਦੀ ਸਿਖ਼ਰ ਛੁਹੰਦਾ ਇਕ ਹੋਰ ਲਾਜੁਆਬ ਸ਼ੇਅਰ:–

ਸਿਰ ਕਲਮ ਹੋਕੇ ਜਾ ਡਿਗੇ, ਜੋ ਬੂਹੇ ਯਾਰ ਦੇ
ਸਮਝੂ ਖ਼ੁਦਾਈ ਮਿਲ ਗਈ ਸਜਦੇ ਚ ਜਾਨ ਤਕ।

ਬੇਵਿਵਹਾਰਿਕਤਾ ਤੇ ਦੋਸ਼ ਧਰਦਾ ਅਤੇ ਬੇਦਾਵੇ ਸ਼ਬਦ ਦਾ ਢੁੱਕਵਾਂ ਪ੍ਰਯੋਗ:–

ਬੇਲੀ ਹਰ ਕੋ ਲਾਹੇ ਦਾ ਹੈ, ਯਾਰੀ ਵਕਤੀ ਲੋਕਾਂ ਦੀ
ਭੀੜਾਂ ਵੇਲੇ ਦੇਣ ਬੇਦਾਵੇ ਐਸੀ ਪਾਲਣ ਯਾਰੀ ਲੋਕ।

ਹਰ ਵਿਸ਼ੇ ਨੂੰ ਨਿਭਾਉਂਦਿਆਂ ਦੁਸ਼ਮਨ ਦੇ ਕੋਲੋਂ ਚੇਤਨ ਰਹਿਣਾ ਅਤੇ ਹੋਰ ਸੋਚ ਕਰਕੇ ਅਕਲ ਦੀ ਸ਼ਮਸ਼ੀਰ ਤੱਕ ਪਹੁੰਚਣਾ ਵੀ ਸ਼ਮਸ਼ੇਰ ਸਿੰਘ ਸੰਧੂ ਦੇ ਹਿੱਸੇ ਹੀ ਆਇਆ ਹੈ:–

ਦੁਸ਼ਮਨ ਕੋਲੋਂ ਹਰ ਵੇਲੇ ਹੀ ਚੇਤਨ ਰਹਿਣਾ ਚੰਗਾ ਹੈ
ਜ਼ਰਦੀ ਹਰਦਮ ਛੁਪਕੇ ਬੈਠੇ ਮੌਸਮ ਦੀ ਹਰਿਆਈ ਵਿੱਚ।
ਸਭ ਥਕੇਵੇ ਦੂਰ ਹੁਣ ਤੇ, ਹੋ ਗਏ ਨੇ ਜਾਪਦੇ
ਸੋਧ ਲੈ ਤੂੰ ਕਾਰ ਵਿਗੜੇ, ਹੈ ਅਕਲ ਸ਼ਮਸ਼ੀਰ ਹੀ।

ਅਸੁਹਿਰਦਤਾ ਅਤੇ ਦੰਭੀ ਰਿਸ਼ਤੇ:–

ਸਮਝਦਾ ਸਾਂ ਜੇਸ ਨੂੰ ਛੋਟਾ ਭਰਾ
ਓਪਰੇ ਦੇ ਵਾਂਗ ਕੋਲੋਂ ਖਿਸਕਿਆ।

ਸ਼ਾਇਰ ਪੀਰੀ ਵਿਚ ਵੀ ਭਰ ਜੁਆਨ ਲਗਦਾ ਹੈ। ਨ੍ਹੇਰਿਆਂ ਨੂੰ ਚੀਰਨ ਵਾਲਾ ਕੋਈ ਬਲੀ ਇਨਸਾਨ ਹੀ ਹੋ ਸਕਦਾ ਹੈ।ਪੁਸਤਕ ਦੇ ਇਸ ਭਾਗ ਵਿੱਚ ਵੀ ਬਹੁਤੇ ਨਾਯਾਬ ਸ਼ਿਅਰ ਹਨ ਪਰ ਮੈਂ ਹੱਥਲੇ ਲੇਖ ਵਿੱਚ ਕੁਛ ਮਿਆਰੀ ਸ਼ੇਅਰਾਂ ਨੂੰ ਹੀ ਲਿਆ ਹੈ ਜੋ ਆਪਣੇ ਆਪ ਵਿੱਚ ਇਸ ਭਾਗ ਦਾ ਪੂਰਾ ਸਾਰੰਸ਼ ਹਨ:–

- ਬਣ ਸ਼ੁਆ ਤੂੰ ਨੇਰਿਆਂ ਦੀ ਹਿੱਕ ਨੂੰ ਵੀ ਚੀਰ ਦੇ
  ਜੋ ਜ਼ਮਾਨਾ ਬਦਲ ਦੇਵੇ, ਕਲਮ ਨੂੰ ਤਾਸੀਰ ਦੇ।

- ਮੰਦਰ ਮਸਜਦ ਮੱਲੀ ਬੈਠੇ, ਹਰ ਥਾਂ ਟੋਲੇ ਠੱਗਾਂ ਦੇ
  ਤਾੜੀ ਲਾਕੇ ਬੈਠੇ ਸਾਰੇ ਕਿਸ ਛਤਰੀ ਤੇ ਆਵੇਂਗਾ।
- ਸਭ ਤੋਂ ਵੱਡਾ ਗਹਿਣਾ ਵਿਦਿਆ, ਧੀਆਂ ਨੂੰ ਜੋ ਦੇ ਸਕਦੇ
  ਸਾਰੇ ਮਾਪੇ ਚਾਰਾ ਕਰੀਏ, ਵਿਦਿਆ ਧੀ ਦਾ ਦਾਜ ਬਣੇ।
- ਚਲਦੇ ਫਿਰਦੇ ਸਾਏ ਦੇ ਸੰਗ, ਕੀਕਣ ਯਾਰੀ ਲਾਵੇਂਗਾ
  ਚਲਦੀ ਬਸ ਦੀ ਛਾਂਵੇਂ ਸੰਧੂ, ਕਦ ਤਕ ਤੂੰ ਬਹਿ ਜਾਵੇਂਗਾ।
- ਈਦਾਂ ਅੱਜ ਪਰਾਈਆਂ ਹੋਈਆਂ, ਤੇ ਪੁਰਬ ਗਏ ਨੇ ਵੰਡੇ
  ਸਭ ਦੇ ਮੂੰਹੀਂ ਤਾਲੇ ਲੱਗੇ, ਹੁਣ ਕੋਈ ਨਾ ਕਰਦਾ ਚੂੰ।
- ਹਰਮੰਦਰ ਦੀ ਨੀਂਹ ਉਡੀਕੇ ਮੀਆਂ ਮੀਰੀ ਛੋਹਾਂ ਨੂੰ
  ਵਿਚ ਅਰਦਾਸਾਂ ਨਾਂ ਦਾ ਨੌਂਗਾ ਕਦ ਤੂੰ ਉਸਦਾ ਪਾਵੇਂਗਾ।
- ਭੀਲਣੀ ਦੇ ਬੇਰ ਰਾਮਾ ਰੁਲ ਰਹੇ ਬਾਜ਼ਾਰ ਵਿਚ
  ਆ ਰਲਾ ਲੈ ਸਾਥ ਅਪਣੇ ਕੂੰਜ ਵਿਛੜੀ ਡਾਰ ਵਿਚ।

'ਰੋਸ਼ਨੀ ਦੀ ਭਾਲ' ਗ਼ਜ਼ਲ ਸੰਗ੍ਰਹਿ ਦਾ ਪਹਿਲਾ ਸ਼ਿਅਰ ਹੀ ਮੈਨੂੰ ਨਮਗੀਰ ਕਰ ਗਿਆ ਹੈ। ਅੰਦਾਜ਼ੇ-ਬਿਆਂ, ਸ਼ਿਅਰ ਦੀ ਗਹਿਰਾਈ, ਆਰੂਜ਼-ਇ-ਕੈਫੀਅਤ ਵਿਸ਼ੇਸ਼ ਤਲਿਸਮੀ ਹੈ। ਯਾ ਖੁਦਾਇਆ।

ਥਲ ਜਿਹੀ ਇਸ ਜਿੰਦਗੀ ਵਿਚ ਹਾਂ ਜਲੇ ਹਰ ਦਿਨ ਜਲੇ
ਬਿਰਖ ਬੂਟੇ ਨਾ ਕਿਤੇ ਕੋ ਅੱਕ ਦੀ ਵੀ ਛਾਂ ਮਿਲੇ।

ਆਤਮਾ ਵਿਚ ਗਹਿਰਾ ਉਤਰਨਾ ਇਕ ਹੋਰ ਸ਼ੇਅਰ ਵੇਖੋ ਵਰਨਾ ਸ਼ਾਇਰ ਨਾਲ ਬੇਇਨਸਾਫੀ ਹੋਵੇਗੀ-

ਵਾਂਗ ਪੰਛੀ ਨਾ ਕਦੇ ਵੀ ਕੈਦ ਮੈਨੂੰ ਗਾਖਦੀ
ਚੋਗ ਖਾ ਕੇ ਪਿੰਜਰੇ ਦੀ ਕੈਦ ਨੂੰ ਨਾ ਪਰ ਹਿਲੇ।

ਸੂਖਸ਼ਮਤਾ ਦਾ ਇਕ ਹੋਰ ਚਿਹਰਾ:-

ਜੁਗਨੂੰਆਂ ਦੀ ਰੌਸ਼ਨੀ ਵੀ ਹੈ ਬੜੀ ਰਸਤੇ ਲਈ
ਜਾ ਰਿਹਾ ਹਾਂ ਕੋਲ ਉਸਦੇ ਹਰ ਕਦਮ ਤੇ ਦਿਲ ਖਿਲੇ।

ਤੋਬਾ ਮੇਰੇ ਖੁਦਾ ਇਹ ਦਾਦ ਮੇਰੇ ਵਲੋਂ ਹੈ:-

ਹੋ ਕੇ ਜੁਦਾ ਹੈ ਜੀਣਾ ਮਛਲੀ ਦੇ ਵਾਂਗ ਮੁਸ਼ਕਲ
ਅੱਖਾਂ ਚ ਆਣ ਲਾਇਆ ਪਾਣੀ ਨੇ ਤਾਂ ਹੀ ਡੇਰਾ।

ਸ਼ਾਬਦਿਕ ਸੋਹਜ ਤੇ ਸ਼ਿਅਰ ਦੀ ਹਰਾਰਤ:-

ਟਹਿਕਣ ਗੁਲਾਬ ਕਲੀਆਂ ਜ਼ੀਨਤ ਨੇ ਉਹ ਚਮਨ ਦੀ
ਖ਼ਾਰਾਂ ਨੇ ਹਿੱਕ ਚੀਰੀ ਬੁਲਬੁਲ ਦਾ ਵੇਖ ਜੇਰਾ।

ਹਰ ਦਿਲ ਅਜ਼ੀਜ਼, ਮਿਲਾਪੜੇ ਅਤੇ ਮੋਹਵੰਤੇ ਸੰਧੂ ਸਾਹਿਬ ਦੇ ਅਤਿ ਮੁਕੱਦਸ ਅਹਿਸਾਸ–

ਆਸਾਂ ਦੇ ਬੀਜ ਬੀਜੇ ਪੁੰਗਰ ਸਕੇ ਨਾ ਹਾਲੀ
ਸਾਵਣ ਤੂੰ ਬਣਕੇ ਆ ਜਾ ਜਾਨੀ ਤੂੰ ਮਾਰ ਗੇੜਾ।
ਆਕੇ ਜੇ ਪੈਰ ਪਾਵੇਂ ਸਦਕੇ ਕਰਾਂ ਮੈ ਸਭ ਕੁੱਛ
ਕਰਕੇ ਨਸਾਰ ਆਪਾ ਦੇਣਾਂ ਮੁੱਕਾ ਮੈਂ ਝੇੜਾ।

ਸੰਧੂ ਸਾਹਿਬ ਦੇ ਅਥਾਹ ਗਿਆਨ, ਗਹਿਰੇ ਅਨੁਭਵ, ਬੇਮਿਸਾਲ ਚਿੰਤਨ, ਦੀਰਘ ਤਜਰਬੇ ਅਤੇ ਸ਼ਿਲਪੀ ਸੰਵੇਦਨਾ/ਵੇਦਨਾ ਦੀ ਦਾਦ ਦੇਣੀ ਪਵੇਗੀ। ਚਨਾਰ ਦੇ ਪੱਤੇ ਖ਼ੂਨੀ ਰੰਗ ਦੇ ਹੁੰਦੇ ਹਨ। ਸ਼ਿਅਰ ਵਿੱਚ ਚਨਾਰ ਦੀ ਪ੍ਰਯੋਗ ਕਿੰਨਾਂ ਜਚਵਾਂ, ਫਬਵਾਂ, ਢੁਕਵਾਂ ਅਤੇ ਬਾਕਮਾਲ ਹੈ। ਮੈਂ ਸਦਕੇ! ਮੈ ਵਾਰੀ!!

ਪੁੱਤਰ ਕਿਸੇ ਦੇ ਮਾਰਨ ਅੱਗਾਂ ਦੀ ਖੇਡ ਵਾਲੇ
ਡੁੱਲ੍ਹੇ ਲਹੂ ਨੂੰ ਆਖਣ ਲਗੇ ਚਨਾਰ ਵਰਗਾ।

ਇੰਝ ਸ਼ਾਇਦ ਹੀ ਕਿਸੇ ਸ਼ਾਇਰ ਨੇ ਡਕਾਰ ਸ਼ਬਦ ਦਾ ਖ਼ੂਬਸੂਰਤ ਪ੍ਰਯੋਗ ਕੀਤਾ ਹੋਵੇ:–

ਭੁੱਖਾਂ ਪਈ ਏ ਜਰਦੀ ਹੁਣ ਦੇਸ਼ ਦੀ ਕਿਸਾਨੀ
ਚਿਮਨੀ ਦਾ ਇਹ ਹੈ ਧੂੰਆ ਅੱਗ ਦੇ ਡਕਾਰ ਵਰਗਾ।

ਛੋਟੇ ਬਹਿਰ ਦੀ ਗ਼ਜ਼ਲ ਵਿੱਚ ਸਿੰਗਾਰ ਰਸ ਅਤੇ ਅਨੂਪਮ ਦ੍ਰਿਸ਼ਾਵਲੀ ਦੇ ਆਸ਼ਰਸ਼ਵ:–

ਮੋਰਾਂ ਵਾਂਗੂੰ ਪੈਲਾਂ ਪਾਵਣ ਰਾਤ ਦਿਨੇ
ਸੁਪਨੇ ਤੇਰੇ ਖੇੜਣ ਯਾਦੀਂ ਮੌਲਸਰੀ।

ਰੂਪ ਅਤੇ ਗੁਣ ਦਾ ਨਤਾਰਾ:–

ਸੁਹਣਾ ਜੋ ਵਰਤੇ ਸੁਹਣਾ ਸੁਹਣੀ ਹੈ ਬੋਲ ਬਾਣੀ
ਸੁਹਣਾ ਨਾ ਕੋਈ ਜਾਣੋ ਕੇਵਲ ਲਿਬਾਸ ਕਰਕੇ।

ਬਲਾਗ਼ਤ:–

ਨਾਭੀ ਚ ਲੈਕੇ ਖ਼ੁਸ਼ਬੂ ਦਿਲ ਦਾ ਇਹ ਮਿਰਗ ਭਟਕੇ
ਕਸ਼ਤੀ 'ਚ ਬੈਠ ਕੋਈ ਭਟਕੇ ਪਿਆਸ ਕਰਕੇ।

ਸ਼ਾਇਰ ਦੀ ਨਿਰਮਾਣਤਾ ਹੈ ਕਿ ਆਪਣੇ ਤੋਂ ਵਸ਼ਿਸ਼ਟ ਅਤੇ ਵਚਿੱਤਰ ਕਲਾਕਾਰਾਂ, ਅਦੀਬਾਂ, ਸ਼ਾਇਰਾਂ ਨੂੰ ਆਦਰ ਦਾ ਬਾਇਸ ਕਰਦਾ ਹੈ।

ਰੀਸ ਕਰਨੀ ਲੋਚਦਾਂ ਜਗਤਾਰ ਦੀ ਮੈਂ ਦੋਸਤੋ
ਵੱਲ ਮੈਨੂੰ ਪਰ ਅਜੇ ਨਾ ਕਿਵ ਬਣਾਂ ਮੈ ਹਾਣ ਦਾ।

ਮਾਂ ਬੋਲੀ ਲਈ ਅਦਬ:–

ਮਾਂ ਵਰਗੀ ਹੈ ਮਿਠੀ ਬੋਲੀ ਸਾਡੀ ਮਾਂ ਪੰਜਾਬੀ
ਰਾਜ ਮਹੱਲਾਂ ਤੋਂ ਵੀ ਨਿੱਘਾ ਸਾਨੂੰ ਅਪਣਾ ਕੁੱਲਾ।

ਸ਼ਾਇਰ ਸੰਧੂ ਸਾਹਿਬ ਪੰਜਾਬ ਨੂੰ ਸੋਹਣਾ ਕਹਿੰਦੇ ਹਨ। ਅਨਾਜ ਦੀ ਦੌਲਤ ਨੂੰ ਪੰਜਾਬ ਦੇ ਕਿਸਾਨ ਕਰਕੇ ਸਭ ਮੰਨਦੇ ਹਨ ਪਰ ਅੰਨ ਪੈਦਾ ਕਰਨ ਵਾਲਾ ਕਿਸਾਨ ਅੱਜ ਭੁੱਖਾ ਮਰ ਰਿਹਾ ਹੈ। ਇਹ ਦਲੇਰ ਕਾਮਿਆਂ ਪ੍ਰਤੀ ਇਕ ਭਾਵਨਾਤਮਕ ਅਨੁਭੂਤੀ ਹੈ:-

ਸੁਹਣਾ ਪੰਜਾਬ ਸਭ ਨੂੰ ਦੇਂਦਾ ਅਨਾਜ ਸੀ
ਮਰਦਾ ਕਿਸਾਨ ਭੁੱਖਾ ਹੁਣ ਤੇ ਪੰਜਾਬ ਵਿੱਚ।

ਨਸ਼ਿਆਂ ਵਿਰੁੱਧ ਪੁਰਜ਼ੋਰ ਆਵਾਜ਼:-

ਮੱਖਣ ਮਲਾਈ ਭੁੱਲੇ ਗੱਭਰੂ ਪੰਜਾਬ ਦੇ
ਕਰਦੇ ਨਸ਼ੇ ਨੇ ਸਾਰੇ ਡੁੱਬੇ ਸ਼ਰਾਬ ਵਿੱਚ।

ਲੋਕਤੰਤਰ ਬਾਰੇ ਅਸਚਰਜਨਕ ਕਟਾਖਸ਼:-

ਲੋਕਾਂ ਦਾ ਰਾਜ ਆਖੇ ਦੁਨੀਆਂ ਤੇ ਮੈਂ ਲਿਔਣਾ
ਗੋਲਾ ਬਰੂਦ ਚਿਣਕੇ ਨੀਹਾਂ ਬਣਾਈ ਫਿਰਦਾ।

ਸਾਦਕ ਦਿਲੀ ਦੀ ਤਾਕਤ ਤੇ ਸ਼ਾਹੀ ਜਲੌਆ;

ਸ਼ਾਹੀ ਜਲੌ ਵੀ ਢਲਦੇ ਸਾਦਕ ਦਿਲੀ ਦੇ ਅਗੇ
ਹਰਗਿਜ਼ ਡਰਾ ਨਾ ਸਕਦੇ ਤੇਗਾਂ ਦੇ ਤੇਜ਼ ਧਾਰੇ।

ਸੰਗੀਤਆਤਮਕਤਾ ਅਤੇ ਤਾਲ ਦਾ ਢੁੱਕਵਾਂ ਸੁਮੇਲ:-

ਦਮ ਦਮ ਤੇ ਦਮ ਦਮਾਂ ਦਮ ਨੱਚਦੀ ਦਿਲੇ ਦੀ ਧੜਕਣ
ਪੈਰੀਂ ਹੈ ਤਾਲ ਉੱਠਦੀ ਹੋਵੇ ਜੇ ਢੋਲ ਢੋਲੀ।

ਨਿਮਨ ਸ਼ੇਅਰ ਵਿੱਚ ਖ਼ੁਦਾਈ ਹੈ:-

ਹਰ ਏਕ ਅੰਗ ਮੇਰਾ ਲੋਕਾਂ 'ਚ ਵੰਡ ਦੇਣਾਂ
ਦੁਨੀਆਂ ਤੋਂ ਫੇਰ ਚਾਹੇ ਦੇਣਾਂ ਵਸਾਰ ਮੈਨੂੰ।

ਸੰਗ੍ਰਹਿ ਵਿੱਚ ਸਭ ਤੋਂ ਛੋਟੀ ਬਹਿਰ 'ਚ ਗ਼ਜ਼ਲਕਾਰ ਸੰਧੂ ਦੀ ਰੂਹਦਾਰੀ ਕਮਾਲ ਦੀ ਹੈ:-

ਕਸਮਾਂ ਜੋ ਖਾ ਕੇ ਭੁੱਲੇ
ਉਸ ਤੇ ਪਿਆਰ ਆਵੇ।
ਆਸਾਂ ਜ਼ਰੂਰ ਆਸਾਂ
ਆਖੇ ਨਾ ਯਾਰ ਆਵੇ।

ਜ਼ਿੰਦਾ ਦਿਲੀ ਦਾ ਇਕ ਹੋਰ ਰੰਗ:-

ਕਾਤਿਲ 'ਚ ਯਾਰ ਮੇਰੇ ਹੋਵੇ ਸ਼ੁਮਾਰ ਤੇਰਾ
ਐਸੀ ਸ਼ਫਾ ਤੂੰ ਦੇ ਦੇ ਲੋਚੇ ਬਿਮਾਰ ਤੇਰਾ।

ਤੀਬਰ ਤਾਂਘ ਅਤੇ ਹੁਸੀਨ ਕੋਮਲ ਜਜ਼ਬਿਆਂ ਦੀ ਮਹਿਕ 'ਚ ਨਿਵੇਕਲਾ ਰੰਗ ਹੈ-

ਮਸਤੀ ਜੋ ਨੈਣ ਤੇਰੇ ਚਿਹਰਾ ਗੁਲਾਬ ਯਾਰਾ
ਜ਼ਾਹਦ ਵੀ ਜਿਸਨੂੰ ਪੀਵੇ ਐਸੀ ਸ਼ਰਾਬ ਯਾਰਾ।

ਪਿਆਰ ਖ਼ੁਮਾਰੀ ਹੈ। ਬ੍ਰਿਹਾ ਵੀ ਵਿਰਦ ਹੈ। ਇਕਾਂਤ ਕਹਿਕਸ਼ਾਂ ਲਗਦੀ ਹੈ। ਛਿਦਰੇ ਪਲ ਸ਼ਬਨਮ, ਰੱਤੇ ਜਜ਼ਬੇ, ਸੁਗਮ ਭਾਵਨਾਵਾਂ, ਲਲਿਤ ਸੁਪਨੇ, ਛਣਕਦੀਆਂ ਵੰਗਾਂ, ਨਾਜ਼ ਨਖਰੇ, ਤਿਤਲੀਆਂ, ਹਵਾਵਾਂ, ਪਤਿਆਂ ਦੀ ਵੰਝਲੀ, ਹਵਾਵਾਂ ਦੀ ਸਰਸਰਾਹਟ, ਹਿਰਨੀਆ, ਬਦਲੀਆਂ, ਸਾਵਣ, ਦਿਲਜੋਈ, ਦੀਦਾਵਰੀ, ਸੱਜਣ ਦੀ ਝਲਕ, ਬਿਹਬਲਤਾ... ਸੰਧੂ ਸਾਹਿਬ ਜੀ ਦਾ ਪਾਕ ਵਿਲੱਖਣ ਹਿਰਦਾ, ਜੰਗਲ ਤੇ ਪੈਂਦੀ ਚਾਨਣੀ ਹੈ। ਜੰਗਲ ਪ੍ਰਾਕ੍ਰਿਤਕ ਕਾਜ, ਪ੍ਰਾਕ੍ਰਿਤੀ ਪਵਿੱਤਰ ਹੈ। ਮੈਂ ਤਾਂ ਆਖ਼ਰੀ ਪੁਸਤਕ ਪੜ੍ਹਦਾ ਹੀ ਬੇਹੋਸ਼ ਹੋ ਗਿਆ। ਸਾਲਮ ਸਬੂਤਾ ਪਾਣੀ ਦੀ ਬੂੰਦ ਬੂੰਦ ਵਾਂਗ। ਮਹਿਸੂਸ ਹੁੰਦਾ ਹੈ ਕਿ ਇਹ ਅਜਿਹਾ ਪਹਿਲਾ ਗ਼ਜ਼ਲ ਸੰਗ੍ਰਿਹ ਹੈ। ਭਿੱਜੇ-ਭਿੱਜੇ ਕਾਸ਼ਨੀ, ਸੂਫੀ ਤੇ ਸੰਦਲੀ ਰੰਗ ਦਾ ਤਰੌਂਕਾ। ਇਸ ਤੋਂ ਜਾਨ ਵਾਰਨ ਨੂੰ ਜੀਅ ਕਰਦਾ ਹੈ।

ਬੇਹੱਦ ਪਿਆਰੇ, ਰਹੱਸ ਭਰੇ, ਭਿੱਜੇ-ਭਿੱਜੇ, ਸਿੱਲ੍ਹੇ-ਸਿੱਲ੍ਹੇ ਮਲੂਕ ਅਤੇ ਲਵੇ, ਬਿਹਬਲ ਅਹਿਸਾਸ, ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਣ ਹੋਈ ਵਾਲੀ ਹੀ ਹਰ ਉਸ ਪਾਠਕ ਦੀ ਹਾਲਤ ਹੈ ਜੋ ਸੰਵੇਦਨਾ, ਵੇਦਨਾ ਦੀਆਂ ਲਹਿਰਾਂ ਵਿੱਚ ਭਿੱਜਾ ਹੈ। ਇਸ਼ਕ ਵਿੱਚ ਦਿਲ, ਯਾਰ, ਸੱਜਣ ਆਪ ਹੀ ਇਕ ਨੂਰ, ਇੱਕ ਰੂਪ ਹੋ ਜਾਂਦਾ ਹੈ। ਹੇਠ ਲਿਖੇ ਅਦਾਇਗੀ ਸ਼ਬਦ ਚੋਣ ਅਤੇ ਹਕੀਕੀ ਪਿਆਰ ਦੀ ਲਾਸਾਨੀ ਸ੍ਰੇਸ਼ਠਤਾ-ਗੰਗਾ ਜਲ, ਆਬੇ ਜ਼ਮਜ਼ਮ ਤੇ ਹਰਮੰਦਰ। ਇਹ ਅਪਹੁੰਚ ਸ਼ੁੱਧ ਅਤੇ ਸਹਿਜ ਅਵਸਥਾ ਹੈ ਜਦੋਂ ਆਤਮਾ ਏਕਸ ਤੋਂ ੧ਓਹਿ ਜਾਂਦੀ ਹੈ:-

ਗੰਗਾ ਜਲ ਤੇ ਆਬੇ ਜ਼ਮਜ਼ਮ ਪੀਕੇ ਵੇਖੇ
ਉਸ, ਚੋਂ ਮੈਨੂੰ ਹਰਮੰਦਰ ਦੇ ਪੈਣ ਭੁਲੇਖੇ।

ਸ਼ਾਇਰ ਮੁਹੱਬਤ ਪ੍ਰਤੀ ਬੇਹੱਦ ਬਿਹਬਲ ਅਤੇ ਤਾਂਘਵਾਨ ਹੈ। ਬਹੁਤ ਸਾਰੇ ਸ਼ਿਅਰ ਪੁਖਤਾ, ਮੁਕੱਰਰ ਹਨ। ਮੈਂ ਸਮੁੱਚੇ ਸੰਗ੍ਰਿਹ ਵਿਚੋਂ ਚੋਣਵੀਆਂ ਗਜ਼ਲਾਂ ਦੇ ਸ਼ਿਅਰਾਂ ਦਾ ਹੀ ਜ਼ਿਕਰ ਕੀਤਾ ਹੈ। ਇਸ ਅਲੋਚਨਾ ਵਿੱਚ ਵਰਤੇ ਗਏ ਸ਼ੇਅਰਾਂ ਤੋਂ ਇਲਾਵਾ ਅਨੇਕ ਨਾਯਾਬ ਸ਼ੇਅਰ ਪੁਸਤਕ ਦਾ ਹਿੱਸਾ ਹਨ। ਇਸ ਸੰਗ੍ਰਿਹ ਵਿਚ ਸ਼ਾਇਰ ਦੀਆਂ ਪਹਿਲਾਂ ਕੈਲਗਰੀ ਵਿਚ ਛਪੀਆਂ ਪੰਜ ਪੁਸਤਕਾਂ ਸ਼ਾਮਲ ਹਨ- ਗਾ ਜ਼ਿੰਦਗੀ ਦੇ ਗੀਤ ਤੂੰ (2003), ਜੋਤ ਸਾਹਸ ਦੀ ਜਗਾ (2005), ਬਣ ਸ਼ੁਆ ਤੂੰ (2006), ਰੌਸ਼ਨੀ ਦੀ ਭਾਲ (2007) ਅਤੇ ਸੁਲਗਦੀ ਲੀਕ (2008)। ਪੁਸਤਕ ਹੱਥ ਵਿੱਚ ਫੜਿਆਂ ਧੂਹ ਪਾਉਂਦੀ ਹੈ ਤੇ ਪਾਠਕ ਦੀ ਚੇਤਨਾ ਨੂੰ ਪ੍ਰਭਾਵਿਤ ਕਰਦੀ ਹੈ।

ਨਿਰਸੰਦੇਹ ਇਹ ਗਜ਼ਲ ਸੰਗ੍ਰਿਹ ਮੁਹੱਬਤ ਦੀ ਤੀਬਰਤਾ ਅਤੇ ਤੀਖਣਤਾ ਨਾਲ ਭਖਦੇ ਸੱਚ ਦੀ ਸ਼ਾਇਰੀ ਹੈ। ਸ਼ਾਇਰ ਕੋਲ ਮੋਹ ਮੁਹੱਬਤ ਦੀ ਬੇਹੱਦ ਅਮੀਰੀ ਹੈ। ਭਾਵਾਂ ਦੀ ਬਹੁਲਤਾ, ਸਮੁੱਚੇ ਸੰਗ੍ਰਿਹ ਨੂੰ ਸਰਲ, ਸਪਸ਼ਟ ਅਤੇ ਸੌਂਦਰਯ ਰਸ ਪ੍ਰਧਾਨ ਬਣਾਉਂਦੀ ਹੈ ਇਹ ਗਜ਼ਲ ਸੰਗ੍ਰਿਹ ਬਹੁਤੇ ਵਿਸ਼ੇ ਸਮੇਟਦਾ ਵੀ ਮੁਹੱਬਤ ਪ੍ਰਧਾਨ ਹੈ। ਇਹ ਸੰਗ੍ਰਿਹ ਸੱਚ, ਸਾਹਸ, ਜੁਝਾਰੂ ਅਤੇ ਰਾਜਨੀਤਕ, ਸਮਾਜਿਕ, ਆਰਥਿਕ ਪ੍ਰਬੰਧ ਪ੍ਰਤੀ ਜ਼ੋਰਦਾਰ ਆਵਾਜ਼ ਬੁਲੰਦ ਕਰਦਾ ਹੈ। ਧਰਤੀ ਤੇ ਅਮਨਾ ਦਾ ਰੰਗ ਲਿਆਉਣ ਦਾ ਇੱਛਕ ਸ਼ਾਇਰ ਪੀਰੀ ਵਿਚ ਵੀ ਭਰ ਜੁਆਨ ਲੱਗਦਾ ਹੈ। ਗ਼ਜ਼ਲਾਂ ਪਿੰਗਲ ਅਤੇ ਆਰੂਜ਼ ਪੱਖੋਂ ਸਫਲ ਹਨ।

ਜਿੱਥੇ ਤੇ ਜਦ ਕਦੇ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗ਼ਜ਼ਲ ਦੀ ਗੱਲ ਚਲੇਗੀ ਤਾਂ ਸ਼ਮਸ਼ੇਰ ਸਿੰਘ ਸੰਧੂ ਦੇ ਜ਼ਿਕਰ ਬਿਨਾਂ ਇਹ ਇਤਿਹਾਸ ਅਧੂਰਾ ਸਮਝਿਆ ਜਾਏਗਾ। ਮੈਨੂੰ ਨਿੱਜੀ ਤੌਰ ਤੇ ਸੰਧੂ ਗ਼ਜ਼ਲ ਕਾਵਿ ਤੇ ਫਖ਼ਰ ਹੈ ਅਤੇ ਮੈਂ ਉਹਨਾਂ ਦੇ ਸ੍ਰੇਸ਼ਠ ਸ਼ੇਅਰਾਂ ਦੀ ਭਰਵੀਂ ਦਾਦ ਦੇਂਦਾ ਆਪਣੀ ਨਿੱਘੀ ਅਕੀਦਤ ਪੇਸ਼ ਕਰਦਾ ਹਾਂ। ਸੰਧੂ ਜੀ ਦੀ ਕਲਮ ਦੇ ਨਰੋਏ ਉਜਵਲ ਭਵਿੱਖ ਲਈ ਸਦੈਵ ਸ਼ੁੱਭ ਅਰਦਾਸ ਹੈ। ਗੁਰ ਫਤਹਿ।

ਨਰੇਸ਼ ਕੋਹਲੀ,
1234 ਵਿਕਾਸ ਨਗਰ, ਗਲੀ ਨੰ; 2
ਅੰਮ੍ਰਿਤਸਰ 143104
ਮੋਬਾਈਲ– 9816131853